# ਰਾਜ, ਨੇਮ ਅਤੇ ਪੁਰਾਣੇ ਨੇਮ ਦੀਆਂ ਲਿਖਤਾਂ

## ਸਬਕ 4

## ਪੁਰਾਣੇਂ ਨੇਮ ਦੀਆਂ ਲਿਖਤਾਂ

ਦਸਤਾਵੇਜ਼

thirdmill
Biblical Education. For the World. For Free.

© 2020 ਥਰਡ ਮਿਲ ਮਿਲੇਨੀਅਮ ਸੇਵਕਾਈ ਦੁਆਰਾ

ਸਾਰੇ ਹੱਕ ਰਾਖਵੇਂ, ਸਮੀਖਿਆ, ਟਿੱਪਣੀ, ਜਾਂ ਸਕਾਲਰਸ਼ਿਪ ਦੇ ਉਦੇਸ਼ਾਂ ਲਈ ਸੰਖੇਪ ਹਵਾਲਿਆਂ ਤੋਂ ਇਲਾਵਾ ਪ੍ਰਕਾਸ਼ਕ ਦੀ ਲਿਖਤੀ ਇਜਾਜ਼ਤ ਤੋਂ ਬਿਨਾਂ ਇਸ ਪ੍ਰਕਾਸ਼ਨ ਦੇ ਕਿਸੇ ਵੀ ਭਾਗ ਨੂੰ ਕਿਸੇ ਵੀ ਰੂਪ ਵਿੱਚ ਜਾਂ ਲਾਭ ਲਈ ਕਿਸੇ ਵੀ ਤਰੀਕੇ ਨਾਲ ਦੁਬਾਰਾ ਤਿਆਰ ਨਹੀਂ ਕੀਤਾ ਜਾ ਸਕਦਾ ਹੈ, ਥਰਡ ਮਿਲੇਨੀਅਮ ਮਿਨਿਸਟ੍ਰੀਜ਼, ਇੰਕ., 316 ਲਾਈਵ ਓਕਸ ਤੋਂ । Blvd., ਕੈਸਲਬੇਰੀ, ਫਲੋਰੀਡਾ 32707 ।

ਜਦੋਂ ਤੱਕ ਉਚੇਚੇ ਤੌਰ ਤੇ ਦੱਸਿਆ ਨਾ ਗਿਆ ਹੋਵੇ, ਅੰਗਰੇਜ਼ੀ ਅਨੁਵਾਦ ਵਿੱਚ ਸ਼ਾਸਤਰ ਦੇ ਸਾਰੇ ਹਵਾਲੇ ਪਵਿੱਤਰ ਬਾਈਬਲ ਇੰਗਲਿਸ਼ ਸਟੈਂਡਰਡ ਵਰਜ਼ਨ® (ESV®), ਕਾਪੀਰਾਈਟ © 2001 ਕ੍ਰਾਸਵੇ ਦੁਆਰਾ, ਗੁੱਡ ਨਿਊਜ਼ ਪਬਲਿਸ਼ਰਾਂ ਦੇ ਪ੍ਰਕਾਸ਼ਨ ਸੇਵਕਾਈ ਪਾਸੋਂ ਇਜਾਜ਼ਤ ਨਾਲ ਵਰਤੇ ਗਏ ਹਨ। ਸਾਰੇ ਹੱਕ ਰਾਖਵੇਂ।

## ਥਰਡਮਿਲ ਬਾਰੇ

1997 ਵਿੱਚ ਸਥਾਪਿਤ, ਥਰਡਮਿਲ ਇੱਕ ਗੈਰ-ਮੁਨਾਫ਼ੇ ਦੀ ਸ਼ੁਭ-ਸਮਾਚਾਰ ਕੇਂਦਰਿਤ ਮਸੀਹੀ ਸੇਵਕਾਈ ਹੈ ਜੋ ਸੇਵਾ ਕਰਨ ਲਈ ਸਮਰਪਿਤ ਹੈ:

**ਬਾਈਬਲ ਦੀ ਸਿੱਖਿਆ. ਸੰਸਾਰ ਲਈ. ਮੁਫਤ ਵਿੱਚ.**

ਸਾਡਾ ਟੀਚਾ ਦੁਨੀਆ ਭਰ ਦੇ ਹਜ਼ਾਰਾਂ ਪਾਸਬਾਨਾਂ ਅਤੇ ਮਸੀਹੀ ਆਗੂਆਂ ਨੂੰ ਮੁਫ਼ਤ ਮਸੀਹੀ ਸਿੱਖਿਆ ਨੂੰ ਦਿਵਾਉਣਾ ਹੈ ਜਿਨ੍ਹਾਂ ਕੋਲ ਸੇਵਾ ਲਈ ਜ਼ਰੂਰੀ ਸਿਖਲਾਈ ਦੀ ਘਾਟ ਹੈ। ਅਸੀਂ ਅੰਗਰੇਜ਼ੀ, ਅਰਬੀ, ਮੈਂਡਰਿਨ, ਰੂਸੀ ਅਤੇ ਸਪੈਨਿਸ਼ ਵਿੱਚ ਇੱਕ ਅਦਭੁੱਤ ਮਲਟੀਮੀਡੀਆ ਵਿਦਿਆਲਾ ਪਾਠਕ੍ਰਮ ਤਿਆਰ ਕਰਕੇ ਅਤੇ ਵਿਸ਼ਵ ਪੱਧਰ ਤੇ ਵੰਡ ਕੇ ਇਸ ਟੀਚੇ ਨੂੰ ਪੂਰਾ ਕਰ ਰਹੇ ਹਾਂ। ਸਾਡੇ ਪਾਠਕ੍ਰਮ ਦਾ ਸਾਡੇ ਸਹਿਭਾਗੀ ਸੇਵਾਵਾਂ ਰਾਹੀਂ ਇੱਕ ਦਰਜਨ ਤੋਂ ਵੱਧ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਕੀਤਾ ਜਾ ਰਿਹਾ ਹੈ। ਪਾਠਕ੍ਰਮ ਵਿੱਚ ਗ੍ਰਾਫਿਕ-ਸੰਚਾਲਿਤ ਵੀਡੀਓ, ਪ੍ਰਿੰਟ ਕੀਤੀ ਹਦਾਇਤ, ਅਤੇ ਇੰਟਰਨੈਟ ਸਰੋਤ ਸ਼ਾਮਲ ਹੁੰਦੇ ਹਨ। ਇਹ ਸਕੂਲਾਂ, ਸਮੂਹਾਂ, ਅਤੇ ਵਿਅਕਤੀਆਂ ਦੁਆਰਾ, ਔਨਲਾਈਨ ਅਤੇ ਸਿੱਖਣ ਵਾਲੇ ਭਾਈਚਾਰਿਆਂ ਵਿੱਚ ਵਰਤਣ ਲਈ ਤਿਆਰ ਕੀਤਾ ਗਿਆ ਹੈ।

ਵਰ੍ਹਿਆਂ ਦੇ ਦੌਰਾਨ, ਅਸੀਂ ਸਭ ਤੋਂ ਵਧੀਆ ਵਸਤਾਂ ਅਤੇ ਗੁਣਵੱਤਾ ਦੇ ਇਨਾਮ ਜੇਤੂ ਮਲਟੀਮੀਡੀਆ ਸਬਕ ਪੈਦਾ ਕਰਨ ਦਾ ਇੱਕ ਬਹੁਤ ਹੀ ਲਾਗਤ-ਪ੍ਰਭਾਵਸ਼ਾਲੀ ਤਰੀਕਾ ਵਿਕਸਿਤ ਕੀਤਾ ਹੈ। ਸਾਡੇ ਲੇਖਕ ਅਤੇ ਸੰਪਾਦਕ ਵੇਦ-ਸ਼ਾਸਤਰੀ ਤੌਰ ਤੇ ਸਿੱਖਿਅਤ ਸਿੱਖਿਅਕ ਹਨ, ਸਾਡੇ ਵਿਆਖਿਆਕਾਰ ਉਨ੍ਹਾਂ ਦੀਆਂ ਨਿਸ਼ਾਨਾ ਭਾਸ਼ਾਵਾਂ ਦੇ ਵੇਦ-ਸ਼ਾਸਤਰੀ ਤੌਰ ਤੇ ਸੂਝਵਾਨ ਮੂਲ ਬੋਲਣ ਵਾਲੇ ਹਨ, ਅਤੇ ਸਾਡੇ ਪਾਠਾਂ ਵਿੱਚ ਦੁਨੀਆ ਭਰ ਦੇ ਸੌ ਸਤਿਕਾਰਤ ਵਿਦਿਆਲਾ ਵਿੱਚ ਗਿਆਨੀਆਂ ਅਤੇ ਪਾਦਰੀਆਂ ਦੀ ਸੂਝ ਸ਼ਾਮਲ ਹੈ। ਇਸ ਤੋਂ ਇਲਾਵਾ, ਸਾਡੇ ਲੇਖਾ ਚਿੱਤਰੀ ਰੂਪਕਾਰ, ਚਿੱਤਰਕਾਰ, ਅਤੇ ਉਤਪਾਦਕ ਅਤਿ-ਆਧੁਨਿਕ ਉਪਕਰਨਾਂ ਅਤੇ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਸਭ ਤੋਂ ਉੱਚੇ ਉਤਪਾਦਨ ਦੇ ਮਿਆਰਾਂ ਦੀ ਪਾਲਣਾ ਕਰਦੇ ਹਨ।

ਸਾਡੇ ਵੰਡ ਟੀਚਿਆਂ ਨੂੰ ਪੂਰਾ ਕਰਨ ਲਈ, ਥਰਡਮਿਲ ਨੇ ਕਲੀਸਿਯਾਵਾਂ, ਸੈਮੀਨਾਰਾਂ, ਬਾਈਬਲ ਸਕੂਲਾਂ, ਮਿਸ਼ਨਰੀਆਂ, ਮਸੀਹੀ ਪ੍ਰਸਾਰਕਾਂ ਅਤੇ ਸੈਟੇਲਾਈਟ ਟੈਲੀਵਿਜ਼ਨ ਪ੍ਰਦਾਤਾਵਾਂ, ਅਤੇ ਹੋਰ ਸੰਸਥਾਵਾਂ ਨਾਲ ਰਣਨੀਤਕ ਭਾਈਵਾਲੀ ਬਣਾਈ ਹੈ। ਇਹਨਾਂ ਸਬੰਧਾਂ ਦੇ ਨਤੀਜੇ ਵਜੋਂ ਪਹਿਲਾਂ ਹੀ ਦੇਸੀ ਆਗੂਆਂ, ਪਾਦਰੀਆਂ, ਅਤੇ ਵਿਦਿਆਲਾ ਦੇ ਵਿਦਿਆਰਥੀਆਂ ਨੂੰ ਅਣਗਿਣਤ ਵੀਡੀਓ ਵਿੱਚ ਪਾਠਾਂ ਦੀ ਵੰਡ ਕੀਤੀ ਗਈ ਹੈ। ਸਾਡੀਆਂ ਵੈੱਬਸਾਈਟਾਂ ਵੰਡਣ ਦੇ ਤਰੀਕਿਆਂ ਵਜੋਂ ਵੀ ਕੰਮ ਕਰਦੀਆਂ ਹਨ ਅਤੇ ਸਾਡੇ ਪਾਠਾਂ ਨੂੰ ਪੂਰਕ ਕਰਨ ਲਈ ਵਾਧੂ ਵਸਤਾਂ ਪ੍ਰਦਾਨ ਕਰਦੀਆਂ ਹਨ, ਜਿਸ ਵਿੱਚ ਇਹ ਵਸਤਾਂ ਵੀ ਸ਼ਾਮਲ ਹੈ ਕਿ ਤੁਸੀਂ ਆਪਣਾ ਸਿੱਖਾਉਣ ਵਾਲਾ ਸਮਾਜ ਕਿਵੇਂ ਸ਼ੁਰੂ ਕਰਨਾ ਹੈ।

ਥਰਡਮਿਲ ਨੂੰ IRS ਦੁਆਰਾ 501(c)(3) ਕਾਰਪੋਰੇਸ਼ਨ ਵਜੋਂ ਮਾਨਤਾ ਪ੍ਰਾਪਤ ਹੈ। ਅਸੀਂ ਕਲੀਸਿਯਾਵਾਂ, ਬੁਨੀਆਦਾਂ, ਕਾਰੋਬਾਰਾਂ ਅਤੇ ਵਿਅਕਤੀਆਂ ਦੇ ਉਦਾਰ, ਟੈਕਸ-ਕਟੌਤੀ ਯੋਗ ਯੋਗਦਾਨਾਂ ਤੇ ਨਿਰਭਰ ਕਰਦੇ ਹਾਂ। ਸਾਡੀ ਸੇਵਾ ਬਾਰੇ ਹੋਰ ਜਾਣਕਾਰੀ ਲੈਣ ਲਈ, ਅਤੇ ਇਹ ਜਾਣਨ ਲਈ ਕਿ ਤੁਸੀਂ ਇਸ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹੋ, ਕਿਰਪਾ ਕਰਕੇ www.thirdmill.org ਤੇ ਜਾਓ।

# ਰਾਜ, ਨੇਮ ਅਤੇ ਪੁਰਾਣੇ ਨੇਮ ਦੀਆਂ ਲਿਖਤਾਂ

## ਸਬਕ 4:

## ਪੁਰਾਣੇ ਨੇਮ ਦੀਆਂ ਲਿਖਤਾਂ

## ਵਿਸ਼ਾ ਸੂਚੀ


**ਜਾਣ-ਪਛਾਣ ... 1**

**ਨਿਰਧਾਰਿਤ ਲਿਖਤਾਂ ਇੱਕ ਸ਼ੀਸ਼ੇ ਦੇ ਸਮਾਨ ... 2**

ਆਧਾਰ ... 2
ਪਵਿੱਤਰ ਸ਼ਾਸਤਰ ਦਾ ਸੁਭਾਅ ... 3
ਬਾਈਬਲ ਦੀ ਉਦਾਹਰਨਾਂ ... 4
ਕੇਂਦਰ ... 5
ਸਿਧਾਂਤ ... 6
ਉਦਾਹਰਣਾਂ ... 7
ਨਿੱਜੀ ਲੋੜਾਂ ... 7

**ਨਿਰਧਾਰਿਤ ਲਿਖਤਾਂ ਖਿੜਕੀ ਦੇ ਸਮਾਨ ... 9**

ਆਧਾਰ ... 9
ਪਵਿੱਤਰ ਸ਼ਾਸਤਰ ਦਾ ਪਾਤਰ ... 10
ਬਾਈਬਲ ਦੀਆਂ ਉਦਾਹਰਣਾਂ ... 14
ਕੇਂਦਰ ... 15
ਸਮਕਾਲੀ ਦ੍ਰਿਸ਼ ... 16
ਸਮੇਂ ਅਨੁਸਾਰ ਭਾਲ ਕਰਨਾ ... 18

**ਕੈਨਨ ਇਕ ਤਸਵੀਰ ਦੇ ਰੂਪ ਵਿੱਚ ... 23**

ਆਧਾਰ ... 24
ਪਵਿੱਤਰ ਸ਼ਾਸਤਰ ਦਾ ਪਾਤਰ ... 24
ਬਾਇਬਲ ਦੀ ਉਦਾਹਰਣਾਂ ... 28
ਕੇਂਦਰ ... 30
ਲੇਖਕ ... 30
ਦਰਸ਼ਕ ... 33
ਦਸਤਾਵੇਜ਼ ... 35

**ਸਿੱਟਾ ... 38**

**ਸਹਿਯੋਗੀ ... 39**

**ਸ਼ਬਦਾਵਲੀ........................................................................................................................40**

# ਰਾਜ, ਨੇਮ ਅਤੇ ਪੁਰਾਣੇ ਨੇਮ ਦੀਆਂ ਲਿਖਤਾਂ

## ਸਬਕ 4:

## ਪੁਰਾਣੇ ਨੇਮ ਦੀਆਂ ਲਿਖਤਾਂ

## ਜਾਣ-ਪਛਾਣ

ਹਰ ਇੱਕ ਜਿਸਨੇ ਵੱਡੇ ਸਮੂਹ ਦੀ ਅਗੁਵਾਈ ਕੀਤੀ ਹੈ- ਜਿਵੇਂ ਇਕ ਕਲੀਸੀਆ ਜਾਂ ਕਿਸੇ ਤਰ੍ਹਾਂ ਦੀ ਸੰਸਥਾ- ਉਹ ਜਾਣਦਾ ਹੈ ਕੀ ਸਮੂਹ ਦਾ ਉਦੇਸ਼ ਅਤੇ ਇਸਦੀ ਕੁਝ ਬੁਨਿਆਦੀ ਨਿਤੀਆਂ ਕਿੰਨੀਆਂ ਜਰੂਰੀ ਹਨ। ਪਰ ਜਿਵੇਂ ਸਮਾਂ ਬੀਤਦਾ ਹੈ, ਅਕਸਰ ਇਹ ਜਰੂਰੀ ਹੋ ਜਾਦਾਂ ਹੈ ਇਸਦੇ ਖਾਸ ਮੋਕੇ ਅਤੇ ਚੁਣੌਤੀਆਂ।

ਬਾਈਬਲ ਦੇ ਪ੍ਰਾਚੀਨ ਸੰਸਾਰ ਵਿੱਚ, ਮਹਾਨ ਰਾਜਿਆਂ ਦਾ ਉਦੇਸ਼ ਸੀ ਕੀ ਉਹ ਅਪਣੇ ਰਾਜ ਨੂੰ ਵਧਾਉਣ ਅਤੇ ਮਜਬੂਤ ਕਰਨ, ਅਤੇ ਉਹਨਾਂ ਨੇ ਅੰਤਰਰਾਸ਼ਟਰੀ ਸੰਧੀਆਂ ਦੁਆਰਾ ਬੁਨਿਆਦੀ ਨੀਤੀਆਂ ਦੀ ਸਥਾਪਨਾ ਕੀਤੀ। ਪਰ ਇਨ੍ਹਾਂ ਰਾਜਿਆਂ ਨੇ ਖਾਸ ਮੋਕੇ ਅਤੇ ਚੁਣੌਤੀਆਂ ਦਾ ਵੀ ਜਿਕਰ ਕੀਤਾ ਜਿਹੜੀਆਂ ਇਨ੍ਹਾਂ ਦੇ ਰਾਜ ਨੇ ਵੱਖ ਵੱਖ ਸੰਚਾਰ ਤੋਂ ਸਾਹਮਣਾ ਕੀਤਾ ਦਰਅਸਲ ਇਨ੍ਹਾ ਵਿਚੋ ਕੁਝ ਅੱਜ ਵੀ ਅਜਾਇਬ ਘਰ ਵਿਚ ਹਨ।

ਪ੍ਰਾਚੀਨ ਇਸਰਾਏਲੀਆਂ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਸੀ, ਕੀ ਉਸ ਸਮੇਂ ਇਸਰਾਏਲ ਦੇ ਪਰਮੇਸ਼ੁਰ ਨੇ ਸਾਰੀ ਸ੍ਰਿਸ਼ਟੀ ਦੇ ਰਾਜਾ ਵੱਜੋਂ ਹੀ ਕੰਮ ਕੀਤਾ। ਉਸਦਾ ਉਦੇਸ਼ ਇਹ ਸੀ ਕੀ ਉਹ ਆਪਣਾ ਰਾਜ ਇਸ ਧਰਤੀ ਉਤੇ ਮਜਬੂਤ ਕਰੇ ਅਤੇ ਇਸਨੂੰ ਫੈਲਾਏ, ਅਤੇ ਨੇਮ ਦੁਆਰਾ ਉਸਨੇ ਆਪਨੇ ਰਾਜ ਦੀਆਂ ਬੁਨਿਆਦੀ ਨੀਤੀਆਂ ਬਣਾਈਆਂ। ਪਰ ਪਰਮੇਸ਼ੁਰ ਨੇ ਵੀ ਖਾਸ ਮੌਕੇ ਅਤੇ ਚੁਣੌਤੀਆਂ ਦਾ ਜਿਕਰ ਕੀਤਾ ਜਿਸਦਾ ਉਸਦੇ ਰਾਜ ਨੇ ਕਈ ਤਰ੍ਹਾਂ ਦੇ ਸ਼ਾਹੀ ਸੰਚਾਰਾਂ ਰਾਹੀਂ ਸਾਹਮਣਾ ਕੀਤਾ, ਜਿਨ੍ਹਾ ਵਿਚੋ ਕੁਝ ਅੱਜ ਸਾਡੇ ਕੋਲ ਪੁਰਾਣੇ ਨੇਮ ਦੀਆਂ ਨਿਰਧਾਰਿਤ ਲਿਖਤਾਂ ਦੇ ਵਿੱਚ ਹਨ।

ਇਹ ਸਾਡੀ ਲੜੀ *ਰਾਜ, ਨੇਮ ਅਤੇ ਪੂਰਾਨੇ ਨੇਮ ਦੀਆਂ ਲਿਖਤਾਂ* ਦਾ ਚੌਥਾ ਸਬਕ ਹੈ। ਇਸ ਸਬਕ ਵਿੱਚ, ਅਸੀ ਪੁਰਾਣੇ ਨੇਮ ਦੀਆਂ ਨਿਰਧਾਰਿਤ ਲਿਖਤਾਂ ਤੇ ਉੱਤੇ ਧਿਆਨ ਕੇਂਦਰ ਕਰਾਂਗੇ। ਕੈਨਨ (ਨਿਰਧਾਰਿਤ ਲਿਖਤਾਂ) ਸ਼ਬਦ ਇਕ ਪੁਰਾਣਾ ਯੂਨਾਨੀ ਅਤੇ ਲਤੀਨੀ ਸ਼ਬਦ ਹੈ ਜਿਸਦਾ ਮਤਲਬ "ਮਿਆਰੀ" ਜਾਂ "ਮਾਪ" ਹੈ। ਇਸ ਪਾਠ ਵਿੱਚ, ਅਸੀਂ ਦੇਖਾਂਗੇ ਕਿ ਸ਼ਾਸਤਰ ਨੂੰ ਪਰਮੇਸ਼ੁਰ ਦੇ ਪ੍ਰਮਾਣਿਕ ਮਿਆਰ ਵਜੋਂ ਉਸ ਦੇ ਲੋਕਾਂ ਲਈ ਯੁੱਗਾਂ ਦੌਰਾਨ ਕਿਵੇਂ ਲਿਖਿਆ ਗਿਆ ਸੀ।

ਸਾਰੇ ਪੁਰਾਣੇ ਨੇਮ ਦੇ ਲੇਖਕ ਵਿਸ਼ਵਾਸ ਕਰਦੇ ਸਨ ਕੀ ਪਰਮੇਸ਼ੁਰ ਆਪਣੇ ਰਾਜ ਨੂੰ ਸਵਰਗ ਤੋ ਧਰਤੀ ਦੇ ਅੰਤ ਤਕ ਫੈਲਾ ਰਿਹਾ ਹੈ। ਉਹ ਇਹ ਵੀ ਵਿਸ਼ਵਾਸ ਕਰਦੇ ਸਨ ਕਿ ਪਰਮੇਸ਼ੁਰ ਨੇ ਆਪਣੇ ਰਾਜ ਦਾ ਸੰਚਾਲਨ ਉਹਨਾਂ ਬੁਨਿਆਦੀ ਨੀਤੀਆਂ ਦੁਆਰਾ ਕੀਤਾ ਸੀ ਜੋ ਉਸਨੇ ਮੁੱਖ ਨੇਮਾਂ ਦੀ ਇੱਕ ਲੜੀ ਵਿੱਚ ਸਥਾਪਿਤ ਕੀਤੀਆਂ ਸਨ। ਪਰਮੇਸ਼ੁਰ ਨੇ ਆਦਮ, ਨੂਹ, ਅਬਰਾਹਾਮ, ਮੂਸਾ, ਦਾਊਦ ਦੇ ਸਮੇਂ ਵਿਚ ਨੇਮ ਬੰਨ੍ਹੇ ਅਤੇ ਨਵੇ ਨੇਮ ਵਿੱਚ ਜਿਸ ਬਾਰੇ ਨਬੀਆਂ ਨੇ ਭਵਿੱਖਬਾਣੀ ਕੀਤੀ ਉਹ ਭਵਿੱਖ ਵਿੱਚ ਪੂਰੀ ਹੋਵੇਗੀ। ਹੁਣ ਜਿਥੋ ਤੱਕ ਅਸੀ ਜਾਣਦੇ ਹਾਂ ਜਦ ਪਰਮੇਸ਼ੁਰ ਨੇ ਆਦਮ, ਨੂਹ ਅਤੇ ਅਬਰਾਹਮ ਨਾਲ ਨੇਮ ਬੰਨ੍ਹਿਆ ਉਸ ਸਮੇਂ ਤੱਕ ਕੋਈ ਸਾਸਤਰ ਨਹੀਂ ਸੀ ਲਿਖਿਆ ਗਿਆ। ਪਰ ਜਿਸ ਤਰ੍ਹਾਂ ਇਸਰਾਏਲ ਮੂਸਾ ਅਤੇ ਦਾਊਦ ਦੇ ਸਮੇਂ ਵਿਚ ਰਾਜ ਵਿੱਚ ਵੱਧਦੇ ਗਏ, ਪਰਮੇਸ਼ੁਰ ਨੇ ਪੁਰਾਣੇਂ ਨੇਮ ਦੁਆਰਾ ਅਪਣੇ ਲੋਕਾਂ ਦੇ ਜੀਵਨ ਵਿੱਚ ਨੀਤੀਆਂ ਨੂੰ ਲਾਗੂ ਕਿਤਾ। ਇਹ ਸ਼ਾਸਤਰ ਪਹਿਲਾ ਪ੍ਰਾਚੀਨ ਇਸਰਾਏਲ ਲਈ ਤਿਆਰ ਕੀਤੇ ਗਏ ਸਨ, ਪਰ ਉਹਨਾਂ ਨੂੰ ਪਰਮੇਸ਼ੁਰ ਦੇ ਲੋਕਾਂ ਦੀ ਹਰ ਪੀੜ੍ਹੀ ਲਈ ਵਿਸ਼ਵਾਸ ਅਤੇ ਜੀਵਨ ਦੇ ਸਿਧਾਂਤ ਜਾਂ ਮਿਆਰ ਵਜੋਂ ਵੀ ਤਿਆਰ ਕੀਤਾ ਗਿਆ ਸੀ।

ਅਸੀਂ ਇਸ ਪਾਠ ਵਿੱਚ ਪੁਰਾਣੇ ਨੇਮ ਦੇ ਸਿਧਾਂਤ ਨੂੰ ਤਿੰਨ ਪ੍ਰਮੁੱਖ ਰਣਨੀਤੀਆਂ ਦੀ ਪੜਚੋਲ ਕਰਕੇ ਵਿਚਾਰਾਂਗੇ ਜੋ

ਪਰਮੇਸ਼ੁਰ ਦੇ ਲੋਕਾਂ ਨੇ ਆਪਣੇ ਪ੍ਰਾਚੀਨ ਸ਼ਾਹੀ ਵਚਨ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ ਲਈ ਵਰਤੀਆਂ ਹਨ। ਸਭ ਤੋ ਪਹਿਲਾ ਅਸੀਂ ਦੇਖਾਂਗੇ ਪੁਰਾਣਾ ਨੇਮ ਇੱਕ ਸ਼ੀਸ਼ੇ ਦੇ ਸਮਾਨ ਜਿਸ ਵਿੱਚ ਅਲੱਗ-ਅਲੱਗ ਵਿਸ਼ੇ ਹਨ। ਦੂਸਰਾ ਅਸੀਂ ਜਾਂਚ ਕਰਾਂਗੇ ਪੁਰਾਣਾ ਨੇਮ ਇਤਿਹਾਸ ਲਈ ਖਿੜਕੀ ਦੇ ਸਮਾਨ। ਅਤੇ ਤੀਸਰਾ ਅਸੀਂ ਪੜਚੋਲ ਕਰਾਂਗੇ ਪੁਰਾਣਾ ਨੇਮ ਇੱਕ ਤਸਵੀਰ ਦੇ ਸਮਾਨ- ਸਾਹਿਤਕ ਚਿੱਤਰਾਂ ਦੀ ਇੱਕ ਲੜੀ ਦੇ ਰੂਪ ਵਿੱਚ ਜੋ ਪਰਮੇਸ਼ੁਰ ਦੇ ਲੋਕਾਂ ਲਈ ਕੁਝ ਖਾਸ ਦ੍ਰਿਸ਼ਟੀਕੋਣਾਂ ਤੇ ਜ਼ੋਰ ਦਿੰਦੇ ਹਨ। ਇਹ ਤਿੰਨੇ ਰਣਨੀਤੀਆਂ ਕਦੇ ਵੀ ਇੱਕ ਦੂਜੇ ਤੋਂ ਵੱਖ ਨਹੀਂ ਹੁੰਦੀਆਂ; ਉਹ ਬਹੁਤ ਜ਼ਿਆਦਾ ਇੱਕ ਦੂਸਰੇ ਤੇ ਨਿਰਭਰ ਹਨ। ਪਰ ਸਾਡੇ ਉਦੇਸ਼ਾਂ ਲਈ, ਅਸੀਂ ਉਹਨਾਂ ਨੂੰ ਵੱਖਰੇ ਤੌਰ ਤੇ ਖੋਜਾਂਗੇ, ਇਸ ਨਾਲ ਸ਼ੁਰੂ ਕਰਦੇ ਹੋਏ ਕਿ ਪੁਰਾਣੇ ਨੇਮ ਦੇ ਸਿਧਾਂਤ ਸ਼ੀਸ਼ੇ ਦੀ ਤਰ੍ਹਾਂ ਕਿਵੇਂ ਹੈ।

## ਨਿਰਧਾਰਿਤ ਲਿਖਤਾਂ ਇੱਕ ਸ਼ੀਸ਼ੇ ਦੇ ਸਮਾਨ

ਕੀ ਤੁਸੀਂ ਕਦੇ ਧਿਆਨ ਦਿੱਤਾ ਜਦ ਤੁਸੀਂ ਦੋਸਤਾਂ ਦੇ ਸਮੂਹ ਦੇ ਨਾਲ ਕੋਈ ਵੀ ਕਿਤਾਬ ਪੜਦੇ ਹੋ ਤਾਂ ਕੁਝ ਅਜਿਹੀ ਗੱਲ ਹੈ ਜੋ ਤੁਹਾਡੇ ਧਿਆਨ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ ਅਤੇ ਦੂਸਰੀ ਗੱਲ ਬਾਕੀਆਂ ਦੇ ਧਿਆਨ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ? ਕਿਤਾਬ ਦੇ ਵਿੱਚ ਹੀ ਅਲੱਗ ਅਲੱਗ ਵਿਸ਼ੇ ਹੁੰਦੇ ਹਨ, ਪਰ ਅਸੀਂ ਉਸ ਤੇ ਜਿਆਦਾ ਜ਼ੋਰ ਦਿੰਦੇਂ ਹਾਂ ਜੋ ਸਾਨੂੰ ਜਰੂਰੀ ਲੱਗਦੇ ਹਨ। ਜਿਵੇਂ ਪਰਮੇਸ਼ੁਰ ਦੇ ਲੋਕਾਂ ਨੇ ਪੁਰਾਣੇ ਨੇਮ ਨੂੰ ਸੰਭਾਲਿਆ ਹੈ ਇਹ ਸੱਚ ਹੈ। ਪੁਰਾਣੇ ਨੇਮ ਦੇ ਲੇਖਕਾਂ ਨੇ ਬਹੁਤ ਸਾਰੇ ਵਿਸ਼ਿਆਂ ਨੂੰ ਛੂਹਿਆ ਜਦੋਂ ਉਨ੍ਹਾਂ ਨੇ ਆਪਣੀਆਂ ਕਿਤਾਬਾਂ ਰਾਹੀਂ ਪਰਮੇਸ਼ੁਰ ਦੇ ਰਾਜ ਦੇ ਧਰਮ ਸ਼ਾਸਤਰ ਅਤੇ ਪਰਮੇਸ਼ੁਰ ਦੇ ਨੇਮਾਂ ਦੀਆਂ ਨੀਤੀਆਂ ਨੂੰ ਉਸ ਦੇ ਲੋਕਾਂ ਲਈ ਲਾਗੂ ਕੀਤਾ। ਅਤੇ ਜਿਵੇਂ ਕਿ ਅਸੀਂ ਪੁਰਾਣੇ ਨੇਮ ਤੱਕ ਪਹੁੰਚਦੇ ਹਾਂ, ਅਸੀਂ ਇਹਨਾਂ ਵਿੱਚੋਂ ਕਿਸੇ ਵੀ ਵਿਸ਼ੇ ਨੂੰ ਉਜਾਗਰ ਕਰ ਸਕਦੇ ਹਾਂ ਜੋ ਸਾਡੇ ਜੀਵਨ ਲਈ ਮਹੱਤਵਪੂਰਨ ਹਨ।

ਜਦ ਅਸੀਂ ਪੁਰਾਣੇ ਨੇਮ ਦੀਆਂ ਲਿਖਤਾਂ ਤੱਕ ਇਕ ਸ਼ੀਸ਼ੇ ਦੇ ਸਮਾਨ ਪਹੁੰਚਦੇ ਹਾਂ, ਅਸੀਂ ਮੁੱਖ ਤੌਰ 'ਤੇ ਇਹ ਦੇਖਦੇ ਹਾਂ ਕਿ ਪੁਰਾਣੇ ਨੇਮ ਵਿੱਚ ਸਾਡੀਆਂ ਚਿੰਤਾਵਾਂ ਅਤੇ ਸਾਡੇ ਸਵਾਲਾਂ ਬਾਰੇ ਕੀ ਕਹਿਣਾ ਹੈ, ਭਾਵੇਂ ਉਹ ਵਿਸ਼ੇ ਖੁਦ ਸ਼ਾਸਤਰ ਦੇ ਮਾਮੂਲੀ ਪਹਿਲੂ ਹਨ। ਅਸੀਂ ਇਸ ਰਣਨੀਤੀ ਨੂੰ ਵਿਸ਼ਿਆਂ ਦੇ ਵਿਸ਼ਲੇਸ਼ਣ ਕਹਿੰਦੇ ਹਾਂ ਕਿਉਂਕਿ ਅਸੀਂ ਉਨ੍ਹਾਂ ਤਰੀਕਿਆਂ ਦੀ ਖੋਜ ਕਰਦੇ ਹਾਂ ਜੋ ਪੁਰਾਣੇ ਨੇਮ ਦੇ ਵਿਸ਼ਿਆਂ ਜਾਂ ਵਿਸ਼ਿਆਂ ਤੇ ਪ੍ਰਤੀਬਿੰਬਤ ਹੁੰਦੇ ਹਨ ਜੋ ਸਾਡੇ ਲਈ ਮਹੱਤਵਪੂਰਨ ਹਨ ਕਿਉਂਕਿ ਅਸੀਂ ਪਰਮੇਸ਼ੁਰ ਪ੍ਰਤੀ ਵਫ਼ਾਦਾਰ ਰਹਿਣਾ ਚਾਹੁੰਦੇ ਹਾਂ।

ਇਹ ਸਮਝਣ ਲਈ ਕਿ ਪੁਰਾਣੇ ਨੇਮ ਦੀਆਂ ਲਿਖਤਾਂ ਅਕਸਰ ਵਿਸ਼ੇ ਵਿਸ਼ਲੇਸ਼ਣ ਵਿੱਚ ਇੱਕ ਸ਼ੀਸ਼ੇ ਦੇ ਰੂਪ ਵਿੱਚ ਕੰਮ ਕਰਦਾ ਹੈ, ਅਸੀਂ ਦੋ ਮੁੱਦਿਆਂ ਨੂੰ ਛੂਹਾਂਗੇ: ਪਹਿਲਾ, ਇਸ ਰਣਨੀਤੀ ਲਈ ਆਧਾਰ; ਅਤੇ ਦੂਜਾ, ਇਸ ਰਣਨੀਤੀ ਦਾ ਕੇਂਦਰ। ਆਓ ਪਹਿਲਾਂ ਵਿਸਾ ਵਿਸ਼ਲੇਸ਼ਣ ਦੇ ਅਧਾਰ ਤੇ ਵੇਖੀਏ।

### ਆਧਾਰ

ਚਾਹੇ ਸਾਨੂੰ ਇਸ ਦਾ ਅਹਿਸਾਸ ਹੋਵੇ ਜਾਂ ਨਾਂ ਹੋਵੇ, ਜਦ ਅਸੀਂ ਪੁਰਾਣਾ ਨੇਮ ਪੜਦੇ ਹਾਂ, ਸਾਡੇ ਤਜ਼ਰਬਿਆਂ ਤੋਂ ਪੈਦਾ ਹੋਣ ਵਾਲੀਆਂ ਤਰਜੀਹਾਂ ਤੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਅਲੱਗ ਹੋਣਾ ਅਸੰਭਵ ਹੈ। ਅਸੀਂ ਪੁਰਾਣੇ ਨੇਮ ਨੂੰ ਪਰਮੇਸ਼ੁਰ

ਦੇ ਲੋਕਾਂ ਲਈ ਉਸਦੇ ਸ਼ਾਹੀ ਵਚਨ ਦੇ ਸਮਾਨ ਵੇਖਦੇ ਹਾਂ। ਇਸ ਲਈ, ਕਿਸੇ ਨਾ ਕਿਸੇ ਹੱਦ ਤੱਕ ਅਸੀਂ ਹਮਸਾ ਇਨ੍ਹਾਂ ਸ਼ਾਸਤਰਾਂ ਵਿੱਚ ਇਹ ਆਸ ਰੱਖੇ ਕੇ ਜਾਂਦੇ ਹਾਂ ਕਿ ਉਹ ਸਾਡੇ ਲਈ ਮਹੱਤਵਪੂਰਨ ਮੁੱਦਿਆਂ ਨੂੰ ਕਿਵੇਂ ਹੱਲ ਕਰਦੇ ਹਨ। ਪਰ ਇਹ ਸਾਧਾਰਨ ਅਭਿਆਸ ਸਾਡੇ ਲਈ ਸਵਾਲ ਖੜਾ ਕਰਦਾ ਹੈ: ਕੀ ਇਹ ਕਰਨਾ ਸਹੀ ਹੈ? ਕੀ ਪੁਰਾਣੇ ਨੇਮ ਨੂੰ ਸਾਡੀ ਦਿਲਚਸਪੀ ਨੂੰ ਧਿਆਨ ਵਿਚ ਰੱਖ ਕੇ ਪੜ੍ਹਨਾ ਸਹੀ ਹੈ?

ਇੱਥੇ ਘੱਟੋ-ਘੱਟ ਦੋ ਤੱਥ ਹਨ ਜੋ ਪੁਰਾਣੇ ਨੇਮ ਨੂੰ ਸਾਡੇ ਹਿੱਤਾਂ ਦੇ ਸ਼ੀਸ਼ੇ ਦੇ ਰੂਪ ਵਿੱਚ ਪਹੁੰਚਣ ਲਈ ਆਧਾਰ ਵਜੋਂ ਕੰਮ ਕਰਦੇ ਹਨ: ਪਹਿਲਾ, ਸ਼ਾਸਤਰ ਦਾ ਪਾਤਰ ਖੁਦ ਇਸ ਪਹੁੰਚ ਦਾ ਸਮਰਥਨ ਕਰਦਾ ਹੈ; ਅਤੇ ਦੁਸਰਾ, ਬਹੁਤ ਸਾਰੇ ਬਾਈਬਲ ਦੇ ਉਦਾਹਰ ਇਸ ਦੀ ਪੁਸ਼ਟੀ ਕਰਦੇ ਹਨ। ਪਹਿਲਾਂ ਵਿਚਾਰ ਕਰੋ ਕਿ ਵਿਸੇਅਨੁਸਾਰ ਵਿਸ਼ਲੇਸ਼ਣ ਦੀ ਵਰਤੋਂ ਕਰਕੇ ਸ਼ਾਸਤਰ ਦਾ ਸੁਭਾਅ ਕਿਵੇਂ ਸਮਰਥਨ ਕਰਦਾ ਹੈ।

## ਪਵਿੱਤਰ ਸ਼ਾਸਤਰ ਦਾ ਸੁਭਾਅ

ਕਿਸੇ ਵੀ ਮਹੱਤਵਪੂਰਨ ਲਿਖੀਆ ਲੰਬੀਆਂ ਕਿਤਾਬਾਂ ਦੇ ਵਾਂਗ, ਪੁਰਾਣੇ ਨੇਮ ਦੀਆਂ ਕਿਤਾਬਾਂ ਵਿੱਚ ਬਹੁਤ ਸਾਰੇ ਛੋਟੇ ਤੱਤ ਹਨ ਜੋ ਹਰੇਕ ਹਿੱਸੇ ਵਿੱਚ ਢੁੱਕਵੇਂ ਬੈਠਦੇ ਹਨ। ਇਹ ਹਿੱਸੇ ਇਕੱਠੇ ਹੋ ਕੇ ਵੱਡੇ ਭਾਗ ਬਣਾਉਂਦੇ ਹਨ ਅਤੇ ਇਹ ਭਾਗ ਪੂਰੀਆਂ ਕਿਤਾਬਾਂ ਬਣਾਉਂਦੇ ਹਨ। ਪੁਰਾਣੇ ਨੇਮ ਦੀਆਂ ਕਿਤਾਬਾਂ ਸਾਨੂੰ ਪੇਸ਼ ਕਰਨ ਲਈ ਇਹਨਾਂ ਪੱਧਰਾਂ ਵਿੱਚੋਂ ਹਰ ਇੱਕ ਆਪਣਾ ਯੋਗਦਾਨ ਪਾਉਂਦੀ ਹੈ। ਅਤੇ ਸਾਨੂੰ ਇਹਨਾਂ ਵਿੱਚੋਂ ਕਿਸੇ ਵੀ ਪੱਧਰ 'ਤੇ ਆਪਣਾ ਧਿਆਨ ਕੇਂਦਰਿਤ ਕਰਨ ਦਈ ਬਿਲਕੁਲ ਸੁਤੰਤਰ ਮਹਿਸੂਸ ਕਰਨਾ ਚਾਹੀਦਾ ਹੈ।

ਦੁੱਖਪੂਰਵਕ ਨਾਲ ਬਹੁਤ ਸਾਰੇ ਚੰਗੇ ਮਸੀਹੀ ਅਕਸਰ ਪੁਰਾਣੇਂ ਨੇਮ ਦੇ ਅੰਸ਼ਾਂ ਨੂੰ ਬਹੁਤ ਤੰਗ ਨਜ਼ਰੀਏ ਨਾਲ ਵੇਖਦੇ ਹਨ। ਉਹ ਇਸ ਤਰ੍ਹਾਂ ਕੰਮ ਕਰਦੇ ਹਨ ਜਿਵੇਂ ਕਿ ਹਰੇਕ ਅੰਸ਼ ਹਿਦਾਇਤ ਦੀ ਇੱਕ ਬਹੁਤ ਹੀ ਪਤਲੀ ਲੇਜ਼ਰ ਕਿਰਨ ਪੇਸ਼ ਕਰਦਾ ਹੈ, ਅਤੇ ਇਸ ਨੂੰ ਸਹੀ ਤਰ੍ਹਾਂ ਸੰਖੇਪ ਵਿੱਚ ਦੱਸਣ ਦਾ ਕੇਵਲ ਇਕੋ ਤਰੀਕਾ ਹੈ। ਪਰ ਸੱਚ ਵਿੱਚ, ਲੇਜ਼ਰ ਕਿਰਨ ਦੀ ਬਜਾਏ, ਬਾਈਬਲ ਦੇ ਅੰਸ਼ਾਂ ਦੀ ਮਹੱਤਤਾ ਰੌਸ਼ਨੀ ਦੀ ਹੌਲੀ-ਹੌਲੀ ਫੈਲੀ ਹੋਈ ਕਿਰਨ ਨਾਲ ਵਧੇਰੇ ਨੇੜਿਓਂ ਤੁਲਨਾ ਕਰਦੀ ਹੈ। ਕੁੱਝ ਵਿਸ਼ੇ ਬਹੁਤ ਮੱਹਤਵਪੂਰਨ ਹਨ ਅਤੇ ਇਹ ਅੰਸ਼ ਉਨ੍ਹਾਂ ਉੱਤੇ ਚਮਕਦੇ ਹਨ। ਇਹ ਬਾਈਬਲ ਦੇ ਅੰਸ਼ਾਂ ਦੇ ਬਹੁਤ ਜਰੂਰੀ ਵਿਸ਼ੇ ਹਨ। ਅਤੇ ਹੋਰ ਵਿਸ਼ੇ, ਹੋਰ "ਛੋਟੇ" ਵਿਸ਼ੇ ਹੋ ਸਕਦੇ ਹਨ ਜਿਨ੍ਹਾਂ ਨੂੰ ਇਸ ਤਰ੍ਹਾਂ ਸੰਬੋਧਿਤ ਕੀਤਾ ਜਾਂਦਾ ਹੈ ਜਿਵੇਂ ਕਿ ਰੋਸ਼ਨੀ ਦੇ ਕਮਜ਼ੋਰ ਪੱਧਰਾਂ ਦੁਆਰਾ ਪ੍ਰਕਾਸ਼ਤ ਕੀਤਾ ਗਿਆ ਹੋਵੇ। ਵਿਸੇਅਨੁਸਾਰ ਵਿਸ਼ਲੇਸ਼ਣ ਬਾਈਬਲ ਦੇ ਅੰਸ਼ਾਂ ਦੀ ਮਹੱਤਤਾ ਦੀ ਇਸ ਪੂਰੀ ਸ਼੍ਰੇਣੀ ਨੂੰ ਪਛਾਣਦਾ ਹੈ ਅਤੇ ਅਕਸਰ ਦੂਸਰੇ ਜਾਂ ਛੋਟੇ ਵਿਸ਼ਿਆਂ ਵੱਲ ਧਿਆਨ ਖਿੱਚਦਾ ਹੈ। ਸੱਚ ਵਿੱਚ, ਛੋਟੇ ਵਿਸ਼ੇ ਆਮ ਤੌਰ 'ਤੇ ਵਿਸੇਅਨੁਸਾਰ ਵਿਸ਼ਲੇਸ਼ਣ ਵਿੱਚ ਅਧਿਐਨ ਦੇ ਪ੍ਰਾਇਮਰੀ ਉਦੇਸ਼ ਬਣ ਜਾਂਦੇ ਹਨ।

ਸਾਡੇ ਮਨ ਵਿੱਚ ਕੀ ਹੈ, ਇਸਦੀ ਇੱਕ ਸਧਾਰਨ ਉਦਾਹਰਣ ਦੇਣ ਲਈ, ਆਓ ਬਾਈਬਲ ਦੀ ਪਹਿਲੀ ਆਇਤ, ਉਤਪਤ 1:1 ਨੂੰ ਵੇਖੀਏ। ਉੱਥੇ ਅਸੀਂ ਪੜ੍ਹਦੇ ਹਾਂ:

> ਆਦ ਵਿੱਚ ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ (ਉਤਪਤ 1:1)

ਹੁਣ ਜੇ ਸਾਨੂੰ ਆਪਣੇ ਆਪ ਨੂੰ ਪੁਛਣਾ ਹੋਵੇ, ਇਹ ਆਏਤ ਕੀ ਸਿਖਾਦੀਂ ਹੈ? ਪਹਿਲੀ ਨਜ਼ਰ ਵਿੱਚ, ਅਸੀ ਸੋਚ ਸੱਕਦੇ ਹਾਂ ਕੀ ਜਵਾਬ ਬਹੁਤ ਅਸਾਨ ਹੋਵੇਗਾ: ਉਤਪਤ 1:1 ਸਾਨੂੰ ਦਸਦੀ ਹੈ ਕੀ ਪਰਮੇਸ਼ੁਰ ਨੇ ਸ੍ਰਸ਼ਟੀ ਨੂੰ ਬਣਾਇਆ। ਸਾਡੇ

ਵਿੱਚੋ ਜਾਦਾ ਤਰ ਸਹਮਤ ਹੋ ਜਾਣਗੇ ਕੀ ਇਸ ਆਇਤ ਦਾ ਮੁੱਖ ਵਿਚਾਰ ਸੰਖੇਪ ਕਰਨ ਲਈ ਸਹੀ ਤਰੀਕਾ ਹੇ। ਪਰ, ਇਹ ਸਾਰਾਂਸ਼ ਜਿੰਨਾ ਸੱਚ ਹੋ ਸਕਦਾ ਹੈ, ਜੇ ਅਸੀਂ ਆਪਣੇ ਆਪ ਨੂੰ ਇਸ ਕੇਂਦਰੀ ਵਿਸ਼ੇ ਤੱਕ ਸੀਮਤ ਰੱਖਦੇ ਹਾਂ, ਤਾਂ ਅਸੀਂ ਇਸ ਆਇਤ ਨੂੰ ਛੂਹਣ ਵਾਲੇ ਹੋਰ ਬਹੁਤ ਸਾਰੇ ਵਿਸ਼ਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ।

ਇਹਨਾਂ ਥੋੜ੍ਹੇ ਸ਼ਬਦਾਂ ਵਿੱਚ ਕਿੰਨੇ ਵਿਸ਼ੇ ਜਾਂ ਰੂਪ ਦਿਖਾਈ ਦਿੰਦੇ ਹਨ? ਅਸਲ ਵਿੱਚ, ਸੂਚੀ ਕਾਫ਼ੀ ਲੰਬੀ ਹੈ। ਇਸ ਤੱਥ ਦੀ ਗੱਲ ਕਰਨ ਤੋਂ ਇਲਾਵਾ ਕਿ ਪਰਮੇਸ਼ੁਰ ਨੇ ਸੰਸਾਰ ਨੂੰ ਬਣਾਇਆ ਹੈ, ਇਹ ਆਇਤ ਦਸਦੀ ਹੈ ਕੀ ਪਰਮਸੁਰ ਹੈ ਅਤੇ "ਸ੍ਰਿਸ਼ਟੀ ਤੋਂ ਪਹਿਲਾਂ ਪਰਮੇਸ਼ੁਰ ਦੀ ਹੋਂਦ" ਵਰਗੇ ਧਰਮ ਸ਼ਾਸਤਰੀ ਵਿਸ਼ਿਆਂ ਨੂੰ ਛੂੰਹਦੀ ਹੈ।

ਇਹ ਸਾਨੂੰ ਇਹ ਵੀ ਦੱਸਦਾ ਹੈ ਕਿ ਪਰਮੇਸ਼ੁਰ ਸਿਰਜਣ ਲਈ ਕਾਫ਼ੀ ਸ਼ਕਤੀਸ਼ਾਲੀ ਹੈ ਅਤੇ ਪਰਮੇਸ਼ੁਰ ਨੂੰ ਸਿਰਜਣਹਾਰ ਵਜੋਂ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਉਤਪਤ 1:1 ਸਾਨੂੰ ਸ੍ਰਿਸ਼ਟੀ ਬਾਰੇ ਵੀ ਦੱਸਦਾ ਹੈ। ਇਹ ਸਾਨੂੰ ਸੱਚ ਦਸਦਾ ਹੈ ਕੀ ਸ੍ਰਿਸ਼ਟੀ ਦੀ ਘਟਨਾ ਹੋਈ ਸੀ, ਉਹ ਸਮੇਂ ਜਦ ਸਭ ਕੁਝ ਬਣਾਇਆ ਗਿਆ। ਇਹ ਪ੍ਰਗਟ ਕਰਦੀ ਹੈ ਕੀ ਰਚਨਾ ਸਵੈ-ਨਿਰਭਰ ਨਹੀਂ ਹੈ; ਇਹ ਆਪਣੀ ਹੋਂਦ ਲਈ ਪਰਮੇਸ਼ੁਰ ਉਤੇ ਨਿਰਭਰ ਹੈ। ਅਤੇ ਇਹ ਸਮਝਾਉਂਦੀ ਹੈ ਕੀ ਸਵਰਗ ਸ੍ਰਿਸ਼ਟੀ ਦਾ ਇਕ ਮਾਪ ਹੈ ਅਤੇ ਧਰਤੀ ਰਚਨਾ ਦਾ ਇਕ ਮਾਪ ਹੈ। ਇਹ ਵਚਨ ਇਨ੍ਹਾਂ ਵਿਸ਼ਿਆਂ ਦਾ ਜਿਕਰ ਕਰਦੇ ਹਨ ਅਤੇ ਹੋਰ ਕਈ ਛੋਟੇ ਛੋਟੇ ਵਿਸ਼ਿਆਂ ਨੂੰ ਛੂੰਹਦੇ ਹਨ, ਅਤੇ ਅਸੀਂ ਜਾਇਜ਼ ਤੌਰ ਤੇ ਉਨ੍ਹਾਂ ਵਿੱਚੋਂ ਕਿਸੇ ਤੇ ਆਪਣਾ ਧਿਆਨ ਕੇਂਦਰਿਤ ਕਰ ਸਕਦੇ ਹਾਂ।

ਜੇ ਉਤਪਤ 1:1 ਵਾਂਗ ਸਿਰਫ਼ ਇੱਕ ਆਇਤ ਵਿੱਚ ਬਹੁਤ ਸਾਰੇ ਵਿਸ਼ੇ ਪ੍ਰਗਟ ਹੁੰਦੇ ਹਨ, ਤਾਂ ਕਲਪਨਾ ਕਰੋ ਕਿ ਵੱਡੀ ਆਇਤਾਂ ਵਿੱਚ ਕਿੰਨੇ ਵਿਸ਼ੇ ਪ੍ਰਗਟ ਹੁੰਦੇ ਹਨ। ਜਿਆਦਾਤਰ ਪੁਰਾਣੇ ਨੇਮ ਦੇ ਵੱਡੇ ਅੰਸ਼ ਬਹੁਤ ਸਾਰੇ ਮੁੱਦਿਆਂ ਨੂੰ ਛੂੰਹਦੇ ਹਨ ਜਿਹੜੇ ਸਾਡੀ ਦਿਲਚਸਪੀ ਅਤੇ ਸਾਡੇ ਅਨੁਭਵ ਨਾਲ ਜੁੜੇ ਹਨ। ਬੇਸ਼ਕ, ਸਾਨੂੰ ਸਾਵਦਾਨ ਰਹਿਣਾ ਹੈ ਕੀ ਅਸੀ ਆਪਣੇ ਵਿਚਾਰਾਂ ਦੇ ਅਨੁਸਾਰ ਸ਼ਾਸਤਰ ਨੂੰ ਪੜਿਏ। ਪਰ ਜੇ ਪੁਰਾਣਾ ਨੇਮ ਸਪੱਸ਼ਟ ਜਾਂ ਅਪ੍ਰਤੱਖ ਰੂਪ ਵਿੱਚ ਮੁੱਦੇ ਨੂੰ ਪ੍ਰਗਟ ਕਰਦਾ ਹੈ, ਫਿਰ ਸਾਡੇ ਵਾਸਤੇ ਸਹੀ ਹੈ ਕੀ ਅਸੀ ਇਨ੍ਹਾਂ ਵਿਸ਼ਿਆਂ ਤੋ ਲਾਭ ਪ੍ਰਾਪਤ ਕਰ ਸਕੀਏ।

## ਬਾਈਬਲ ਦੀ ਉਦਾਹਰਨਾਂ

ਅਸੀਂ ਵਿਸ਼ਿਆਂ ਦੇ ਅਨੁਸਾਰ ਵਿਸ਼ਲੇਸ਼ਣ ਦੀਆਂ ਬਾਈਬਲ ਦੀਆਂ ਉਦਾਹਰਨਾਂ ਵਿੱਚ ਪੁਰਾਣੇ ਨੇਮ ਨੂੰ ਇੱਕ ਸ਼ੀਸ਼ੇ ਦੇ ਰੂਪ ਵਿੱਚ ਮੰਨਣ ਦੇ ਆਧਾਰ ਨੂੰ ਵੀ ਵੇਖ ਸਕਦੇ ਹਾਂ। ਬਾਈਬਲ ਵਿਚ ਪ੍ਰੇਰਿਤ ਬਾਈਬਲ ਦੇ ਲੇਖਕ ਅਤੇ ਪ੍ਰਮਾਣਿਕ ਪਾਤਰ ਅਕਸਰ ਪੁਰਾਣੇ ਨੇਮ ਦੇ ਹਵਾਲੇ ਦੇ ਮੁਕਾਬਲੇ ਮਾਮੂਲੀ ਪਹਿਲੂਆਂ ਵੱਲ ਧਿਆਨ ਖਿੱਚਦੇ ਹਨ। ਇੱਕ ਸ਼ਾਨਦਾਰ ਉਦਾਹਰਣ ਵੱਜੋਂ, ਇਬਰਾਨੀਆਂ 11:32-34 ਤੇ ਧਿਆਨ ਦਿਓ:

> ਹੁਣ ਮੈਂ ਹੋਰ ਕੀ ਆਖਾਂ? ਕਿਉਂ ਜੋ ਵਿਹਲ ਨਹੀਂ ਭਾਈ ਗਿਦਾਊਨ, ਬਾਰਕ, ਸਮਸੂਨ, ਯਿਫਤਾ, ਦਾਊਦ, ਸਮੂਏਲ ਅਤੇ ਨਬੀਆਂ ਦੀ ਵਾਰਤਾ ਕਰਾਂ ਜਿਨ੍ਹਾਂ ਨੇ ਨਿਹਚਾ ਦੇ ਰਾਹੀ ਪਾਤਸਾਹੀਆਂ ਨੂੰ ਫਤਹ ਕੀਤਾ, ਧਰਮ ਦੇ ਕੰਮ ਕੀਤੇ, ਵਾਅਦਿਆਂ ਨੂੰ ਪ੍ਰਾਪਤ ਕੀਤਾ, ਬੱਬਰ ਸੇਰਾਂ ਦੇ ਮੂੰਹ ਬੰਦ ਕੀਤੇ ਅੱਗ ਦੇ ਤਾਉ ਨੂੰ ਠੰਡਿਆਂ ਕੀਤਾ, ਤਲਵਾਰ ਦੀਆਂ ਧਾਰਾਂ ਤੋ ਬਚ ਨਿਕਲੇ, ਉਹ ਨਿਰਬਲਤਾਈ ਵਿੱਚ ਬਲੀ ਹੋਏ ਜੁੱਧ ਵਿੱਚ ਸੂਰਮੇ ਬਣੇ, ਉਪਰਿਆਂ ਦੀਆਂ ਫੌਜਾਂ ਨੂੰ ਭਜਾ ਦਿੱਤਾ। (ਇਬਰਾਨੀਆਂ 11:32-34)।

ਸਾਰੇ ਨਿਆਈਆਂ ਦੀ ਕਿਤਾਬ ਵਿੱਚ ਯਿਫਤਾ ਅਤੇ ਸਮਸੂਨ ਦੀ ਕਹਾਣੀ ਬਾਰੇ ਜਾਣਦੇ ਹਨ ਕੀ ਕਿਤਾਬ ਨੇ ਇਹਨਾਂ ਨੂੰ ਲਗਾਤਾਰ ਅਨੁਕੂਲ ਰੋਸ਼ਨੀ ਵਿੱਚ ਪੇਸ਼ ਨਹੀਂ ਕੀਤਾ। ਸਗੋਂ, ਨਿਆਈਆਂ ਦੀ ਕਿਤਾਬ ਦਾ ਲੇਖਕ ਯਿਫ਼ਤਾ ਅਤੇ ਸਮਸੂਨ ਸਮੇਤ ਇਤਿਹਾਸ ਦੇ ਇਸ ਸਮੇਂ ਵਿੱਚ ਲਗਾਤਾਰ ਇਸਰਾਏਲ ਦੇ ਆਗੂਆਂ ਦੀ ਨੈਤਿਕ ਹਾਰ ਵੱਲ ਧਿਆਨ ਖਿੱਚ ਰਿਹਾ ਹੈ। ਉਸਨੇ ਇਹ ਪ੍ਰਗਟ ਕਰਨ ਲਈ ਉਨ੍ਹਾ ਦੀ ਹਾਰ ਨੂੰ ਉਜਾਗਰ ਕੀਤਾ ਕਿ ਨਿਆਈਂ ਇਸ ਜੋਗ ਨਹੀਂ ਸਨ ਕੀ ਉਹ ਪਰਮੇਸ਼ੁਰ ਦੇ ਲੋਕਾਂ ਲਈ ਯੋਗ ਅਗਵਾਈ ਕਰ ਸਕਦੇ।

ਪਰ ਫਿਰ ਵੀ, ਨਿਆਈਆਂ ਦੀ ਕਿਤਾਬ ਵਿੱਚ ਯਿਫਤਾ ਅਤੇ ਸਮਸੂਨ ਦੀ ਕਹਾਣੀ ਸਕਰਾਤਮਕ ਗੱਲਾ ਵੀ ਸਿਖਾਉਂਦੀਆਂ ਹਨ, ਪਰ ਇਹਨਾਂ ਦੋ ਨਿਆਈਆਂ ਬਾਰੇ ਮੁਕਾਬਲੇ ਕੇਵਲ ਮਾਮੂਲੀ ਸੱਚ ਨੂੰ। ਜਦ ਉਹ ਵਿਸ਼ਵਾਸ ਨਾਲ ਪਰਮੇਸ਼ੁਰ ਵੱਲ ਮੁੜੇ ਤਾਂ ਇਨ੍ਹਾਂ ਦੋਨਾਂ ਮਨੁੱਖਾ ਨੇ ਪਰਮੇਸ਼ੁਰ ਦੇ ਵੈਰੀਆਂ ਉੱਤੇ ਜਿੱਤ ਹਾਸਲ ਕੀਤੀ । ਇਸ ਲਈ ਜਦੋ ਉਹ ਪੁਰਾਣੇ ਨੇਮ ਵਿੱਚ ਵਿਸ਼ਵਾਸ ਦੀ ਉਦਾਹਰਨਾਂ ਨੂੰ ਲੱਭਦਾ ਹੈ ਤਾਂ ਇਬਰਾਨੀਆਂ ਦਾ ਲੇਖਕ ਇਨ੍ਹਾਂ ਦੀਆਂ ਸਕਰਾਤਮਕ ਪ੍ਰਾਪਤੀਆਂ ਵੱਲ ਧਿਆਨ ਖਿੱਚਦਾ ਹੈ । ਭਾਵੇਂ ਉਸ ਨੇ ਇਨ੍ਹਾਂ ਮਾਮੂਲੀ ਵਿਸ਼ਿਆਂ ਉੱਤੇ ਜ਼ੋਰ ਦਿੱਤਾ ਜੋ ਉਸ ਲਈ ਮਹੱਤਵਪੂਰਨ ਸਨ, ਇਬਰਾਨੀਆਂ ਦਾ ਲੇਖਕ ਨਿਆਈਆਂ ਦੀ ਕਿਤਾਬ ਦੇ ਪ੍ਰਤੀ ਵਫ਼ਾਦਾਰ ਰਿਹਾ।

> ਨਵੇਂ ਨੇਮ ਦੇ ਲੇਖਕ ਪੁਰਾਣੇ ਨੇਮ ਦੇ ਵੇਰਵੇ ਦੇ ਮੁਕਾਬਲੇ ਛੋਟੇ ਬਿੰਦੂਆਂ ਦੇ ਹਵਾਲਾ ਦੇ ਸਕਦੇ ਹਨ ਅਤੇ ਲਾਗੁਕਰਨ ਦੇ ਉਹਨਾਂ ਬਿੰਦੂਆਂ ਤੋਂ ਖਿੱਚ ਸਕਦੇ ਹਨ, ਜਦ ਤੱਕ ਉਹ ਪਾਠ ਪ੍ਰਤੀ ਵਫ਼ਾਦਾਰ ਹਨ। ਯਿਸੂ ਨੇ ਇਕ ਹੈਰਾਨੀਜਨਕ ਦਾਅਵਾ ਕੀਤਾ। ਉਸਨੇ ਕਿਹਾ ਕੀ ਜਦ ਤੱਕ ਬਿਬਸਥਾ ਪੂਰੀ ਨਾ ਹੋ ਜਾਵੇ ਪਰਮੇਸ਼ੁਰ ਦੇ ਵਚਨ ਦਾ ਇਕ ਬਿੰਦੂ ਤੱਕ ਨਾ ਟਲੇਗਾ। ਅਤੇ ਸ਼ਾਸਤਰ ਦੇ ਹਰ ਇਕ ਹਿੱਸੇ ਵਿੱਚੋ ਅਸੀ ਇਸ ਗੱਲ ਦਾ ਅਨੁਮਾਨ ਲਗਾ ਸਕਦੇ ਹਾਂ, ਵੱਡੇ ਤੋ ਛੋਟੇ ਤੱਕ, ਪਰਮੇਸ਼ੁਰ ਦੀ ਪ੍ਰੇਰਨਾ ਹੈ, ਅਰਥਪੂਰਨ ਹੈ, ਅਤੇ ਇਸਦਾ ਮੁੱਲ ਅਤੇ ਉਦੇਸ਼ ਹੈ। ਅਤੇ ਇਸ ਲਈ, ਅਸੀ ਇਸ ਦੀ ਨਵੇ ਨੇਮ ਵਿੱਚ ਬਹੁਤ ਸਾਰੀ ਉਦਾਹਰਨਾਂ ਦੇਖਦੇ ਹਾਂ- ਨਵੇ ਨੇਮ ਦੇ ਲੇਖਕ ਵਾਪਸ ਪੁਰਾਣੇ ਨੇਮ ਦੀ ਘਟਨਾਵਾਂ ਦਾ, ਸਿੱਖਿਆਵਾਂ ਦਾ ਅਤੇ ਉਨ੍ਹਾਂ ਤੋ ਛੋਟੇ ਬਿੰਦੂਆਂ ਤੱਕ ਦੇ ਲਾਗੂਕਰਨ ਦਾ ਹਵਾਲਾ ਦਿੰਦੇ ਹਨ। ਇਬਰਾਨੀਆਂ ਦਾ ਲੇਖਕ, ਅਧਿਆਏ 11 ਵਿੱਚ, ਬਹੁਤ ਸਾਰੇ ਪੁਰਾਣੇ ਨੇਮ ਦੇ ਸੰਤਾ ਦੀ ਸੂਚੀ ਦਿੰਦਾ ਹੈ ਅਤੇ ਉਨ੍ਹਾਂ ਦੇ ਅਨੁਭਵ ਤੋ ਏਸੇ ਸਿਧਾਂਤ ਖਿੱਚਦਾ ਹੈ ਜਿਹੜੇ ਹਰ ਵਿਸ਼ਵਾਸੀ ਤੇ ਹਰ ਜਗਾਹ ਤੇ ਉਨ੍ਹਾਂ ਦੀ ਸੁਸਮਾਚਾਰ ਦੀ ਆਸਾ ਤੇ ਲਾਗੂ ਹੁੰਦੇ ਹਨ।
>
> — ਰੇਵ. ਕੇਵਿਨ ਲੈਬੀ

ਹੁਣ ਅਸੀ ਪੁਰਾਣੇਂ ਨੇਮ ਨੂੰ ਸ਼ੀਸ਼ੇ ਦੇ ਸਮਾਨ ਵਰਤਨ ਲਈ ਅਧਾਰ ਜਾਂ ਸਮਰਥਨ ਦੇਖਿਆ ਹੈ, ਸਾਨੂੰ ਆਪਣਾ ਧਿਆਨ ਇਸ ਰਣਨੀਤੀ ਦੇ ਵੱਲ ਲਗਾਉਣਾ ਹੈ।

## ਕੇਂਦਰ

ਪੁਰਾਣੇ ਨੇਮ ਵਿੱਚ ਸਾਡੀਆਂ ਦਿਲਚਸਪੀ ਮਨੁੱਖ ਤੋ ਮਨੁੱਖ, ਸਮੇਂ-ਸਮੇਂ, ਅਤੇ ਸਥਾਨ ਤੋਂ ਸਥਾਨ ਵੱਖਰੀਆਂ ਹੁੰਦੀਆਂ ਹਨ। ਅਤੇ ਇਸ ਕਾਰਨ, ਜਦੋਂ ਅਸੀ ਪੁਰਾਣੇ ਨੇਮ ਨੂੰ ਇੱਕ ਸ਼ੀਸ਼ੇ ਦੇ ਸਮਾਨ ਸੰਭਾਲ ਦੇ ਹਾਂ, ਅਸੀ ਵਿਆਪਕ ਕਿਸਮ

ਦੇ ਮੁੱਦਿਆਂ ਤੇ ਧਿਆਨ ਕੇਂਦਰਿਤ ਕਰ ਸਕਦੇ ਹਾਂ। ਵਿਸ਼ੇ ਅਨੁਸਾਰ ਵਿਸ਼ਲੇਸ਼ਣ ਦੀ ਇਹ ਵਿਆਪਕ ਲੜੀ ਕੁਮਰਾਨ ਜਾਂ ਮ੍ਰਿਤ ਸਾਗਰ ਦੀਆਂ ਲਿਖਤਾਂ, ਹੋਰ ਸ਼ੁਰੂਆਤੀ ਯਹੂਦੀ ਲਿਖਤਾਂ ਅਤੇ ਤਾਲਮੂਦ ਵਿੱਚ ਵੀ ਪ੍ਰਾਚੀਨ ਯਹੂਦੀ ਵਿਆਖਿਆਵਾਂ ਵਿੱਚ ਪ੍ਰਗਟ ਹੁੰਦੀ ਹੈ। ਹਰ ਸਦੀ ਵਿੱਚ ਪੁਰਾਣੇਂ ਨੇਮ ਦੀ ਵਿਆਖਿਆ ਵਿੱਚ ਵਿਭਿੰਨਤਾ ਨਜ਼ਰ ਆਉਂਦੀ ਹੈ। ਅਜੇ ਵੀ ਅਜਿਹੇ ਵਿਸ਼ੇ ਹਨ ਜਦ ਅਸੀ ਵਿਸ਼ਿਆਂ ਤੇ ਆਧਾਰਿਤ ਵਿਸ਼ਲੇਸ਼ਣ ਕਰਦੇ ਹਾਂ ਤਾਂ ਉਹ ਆਮ ਤੌਰ ਤੇ ਸਰਵ-ਪ੍ਰਮੁੱਖ ਸਥਾਨ ਤੇ ਚਲੇ ਜਾਂਦੇ ਹਨ।

ਜਦ ਅਸੀ ਵਿਸ਼ੇ ਅਨੁਸਾਰ ਵਿਸ਼ਲੇਸ਼ਣ ਤੇ ਧਿਆਨ ਕਰਦੇ ਹਾਂ, ਸਭ ਤੋ ਪਹਿਲਾ ਅਸੀ ਧਰਮ ਸ਼ਾਸਤਰ ਸਿਧਾਂਤਾਂ ਤੇ ਜ਼ੋਰ ਦੇਣ ਬਾਰੇ ਗੱਲ ਕਰਾਂਗੇ, ਦੂਸਰਾ, ਅਸੀ ਉਦਾਹਰਨਾਂ ਤੇ ਜ਼ੋਰ ਦੇਵਾਂਗੇ, ਅਤੇ ਤੀਸਰਾ ਨਿੱਜੀ ਜਰੂਰਤਾ ਉਤੇ ਧਿਆਨ ਦੇਵਾਂਗੇ। ਸ਼ਾਇਦ ਸਭ ਤੋਂ ਵਿਆਪਕ ਕੇਂਦਰ ਇਹ ਪਤਾ ਲਗਾਉਣਾ ਹੈ ਕਿ ਪੁਰਾਣੇ ਨੇਮ ਦੇ ਹਵਾਲੇ ਧਰਮ ਸ਼ਾਸਤਰ ਸਿਧਾਂਤਾਂ ਬਾਰੇ ਕੀ ਕਹਿੰਦੇ ਹਨ।

## ਸਿਧਾਂਤ

ਹਜ਼ਾਰਾਂ ਸਾਲਾਂ ਤੋ ਪੁਰਾਣੇ ਨੇਮ ਨੂੰ ਰਵਾਇਤੀ ਸਿਧਾਂਤਕ ਮੁੱਦਿਆਂ ਦੇ ਸਰੋਤ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਉਦਾਹਰਨ ਵੱਜੋਂ ਮਸੀਹ ਧਰਮ ਸ਼ਾਸਤਰੀ ਅਕਸਰ ਵਿਸੇ ਅਨੁਸਾਰ ਵਿਸ਼ਲੇਸ਼ਣ ਕਰਦੇ ਹਨ ਉਹ੍ਹਾਂ ਸਵਾਲਾ ਦੇ ਦੁਆਰਾ ਜਿਹੜੇ ਯੋਜਨਾਬੱਧ ਧਰਮ ਸ਼ਾਸਤਰ ਤੋ ਲਏ ਗਏ ਸਨ। ਅਸੀ ਪੁਰਾਣੇ ਨੇਮ ਤਕ ਪਹੁਂਚਦੇ ਹਾਂ ਅਤੇ ਪੁੱਛਦੇ ਹਾਂ, ਇਹ ਪਰਮੇਸ਼ੁਰ ਦੇ ਗੁਣਾਂ ਬਾਰੇ ਕੀ ਦੱਸਦੇ ਹਨ? ਇਹ ਮਨੁੱਖ ਦੇ ਹਾਲਤ ਬਾਰੇ ਕੀ ਦੱਸਦੇ ਹਨ? ਇਹ ਮੁਕਤੀ ਦੇ ਸਿਧਾਂਤ ਬਾਰੇ ਕੀ ਦੱਸਦੇ ਹਨ ਜਾਂ ਪਾਪ ਦੇ ਵਿਰੁੱਧ ਫੈਸਲੇ ਦੇ ਸਿਧਾਂਤ ਬਾਰੇ ਕੀ ਦਸਦੇ ਹਨ? ਸ਼ਾਇਦ ਤੁਸੀ ਵਿਸ਼ੇ ਅਨੁਸਾਰ ਬਾਈਬਲ ਨੂੰ ਦੇਖਿਆ ਹੋਵੇਗਾ ਜਿਸ ਵਿੱਚ ਪੁਰਾਣੇ ਨੇਮ ਦੇ ਅੰਸਾ ਦਾ ਇਸੇ ਸਮਾਨ ਪ੍ਰਬੰਧ ਕੀਤਾ ਹੈ। ਇਸ ਤਰ੍ਹਾਂ ਦੇ ਵਿਸੇ ਦੇਖਣ ਵਿਚ ਅੰਸਾ ਦੇ ਮੁੱਖ ਕੇਂਦਰ ਨਹੀਂ ਹੋ ਸਕਦੇ। ਪਰ ਜੇਕਰ ਹਵਾਲੇ ਇਸਨੂੰ ਛੂੰਹਦੇ ਹਨ, ਜਾਂ ਤਾਂ ਸਪੱਸ਼ਟ ਜਾਂ ਅਪ੍ਰਤੱਖ ਰੂਪ ਵਿੱਚ, ਤਾਂ ਅਸੀ ਬਹੁਤ ਸਾਰੇ ਰਵਾਇਤੀ ਸਵਾਲ ਜਿਹੜੇ ਸਾਡੇ ਨਾਲ ਸੰਬੰਧ ਰੱਖਦੇ ਹਨ ਜਵਾਬ ਲੱਭ ਸੱਕਦੇ ਹਾਂ।

ਸਿਧਾਂਤਕ ਵਿਸੇ ਅਨੁਸਾਰ ਵਿਸ਼ਲੇਸ਼ਣ ਅਕਸਰ ਸਬੂਤ-ਪਾਠ ਦਾ ਰੂਪ ਲੈਂਦੇ ਹਨ- ਖਾਸ ਪੁਰਾਣੇ ਨੇਮ ਦੇ ਅੰਸ਼ਾਂ ਦੇ ਹਵਾਲੇ ਜੋ ਇਸ ਜਾਂ ਉਸ ਸਿੱਖਿਆ ਦਾ ਸਮਰਥਨ ਕਰਦੇ ਹਨ। ਲੱਗਭੱਗ ਹਰ ਵਾਰ ਅਸੀਂ ਵਿਵਸਥਿਤ ਧਰਮ ਸ਼ਾਸਤਰ ਤੇ ਇੱਕ ਕਿਤਾਬ ਪੜ੍ਹਦੇ ਹਾਂ, ਵਿਸ਼ਵਾਸ ਦਾ ਇਕਰਾਰ, ਜਾਂ ਇੱਕ ਅਧਿਕਾਰਤ ਚਰਚ ਸਿਧਾਂਤਕ ਬਿਆਨ, ਅਸੀ ਦੇਖਦੇ ਹਾਂ ਬਹੁਤ ਸਾਰੇ ਪੁਰਾਣੇ ਨੇਮ ਦੇ ਹਵਾਲੇ ਜਿਹੜੀ ਸਿਧਾਂਤਕ ਅਹੁਦੇ ਨੂੰ ਸਮਰਥਨ ਕਰਦੇ ਹਨ।

ਦੁੱਖਪੂਰਵਕ ਕੁਝ ਧਰਮ ਸ਼ਾਸਤਰੀ ਸਮੇਂ-ਸਮੇਂ ਤੇ ਗਲਤ ਢੰਗ ਨਾਲ ਪੁਰਾਣੇ ਨੇਮ ਨੂੰ ਇਸਤੇਮਾਲ ਕਰਦੇ ਹਨ, ਬਹੁਤ ਸਾਰੇ ਦੁਭਾਸ਼ੀਏ ਨੇ ਸਾਰੇ ਹਵਾਲੇ ਦੀ ਮਾਨਤਾ ਦੀ ਪ੍ਰਕਿਰਿਆ ਦਾ ਇਨਕਾਰ ਕੀਤਾ ਹੈ। ਪਰ ਜੇ ਅੰਸ਼ ਦੇਖੇ ਹੋਏ ਮੁੱਦੇ ਨੂੰ ਛੂੰਹਦਾ ਹੈ, ਤਾਂ ਹਵਾਲੇ ਦੀ ਮਾਨਤਾ ਮੰਨੀ ਜਾਦੀਂ ਹੈ, ਬਾਈਬਲ ਦੇ ਹਵਾਲੇ ਵਿੱਚ ਵਿਸ਼ੇ ਨੂੰ ਉਜਾਗਰ ਕਰਨ ਦੇ ਤੇਜ਼ ਤਰੀਕੇ ਹਨ, ਚਾਹੇ ਇਹ ਵਿਸੇ ਛੋਟੇ ਹੀ ਕਿਉਂ ਨਾਂ ਹੋਣ।

ਇਸਤੋ ਇਲਾਵਾ ਸਿਧਾਂਤਾ ਦੇ ਕੇਂਦਰ ਰਹੀਣ ਲਈ, ਵਿਸ਼ੇ ਅਨੁਸਾਰ ਵਿਸ਼ਲੇਸ਼ਣ ਦਾ ਇੱਕ ਹੋਰ ਆਮ ਰੂਪ ਨੈਤਿਕ ਉਦਾਹਰਣਾਂ ਨੂੰ ਉਜਾਗਰ ਕਰਨਾ ਹੈ।

## ਉਦਾਹਰਣਾਂ

ਅਕਸਰ ਅਸੀ ਪੁਰਾਣੇ ਨੇਮ ਨੂੰ ਪਾਤਰਾਂ ਲਈ ਦੇਖਦੇ ਹਾਂ ਕੀ ਕੀਸ ਪਾਤਰ ਦੀ ਨਕਲ ਕਰਨੀ ਚਾਹੀਦੀ ਹੈ ਅਤੇ ਕਿਸ ਦਾ ਇਨਕਾਰ ਕਰਨਾ ਚਾਹੀਦਾ ਹੈ। ਉਦਾਹਰਣ ਦੇ ਲਈ ਵਿਚਾਰ ਕਰਾਂਗੇ ਬਹੁਤ ਜਾਣੀ ਪਹਿਚਾਣੀ ਦਾਊਦ ਅਤੇ ਗੋਲਿਅਥ ਦੀ ਕਹਾਣੀ 1 ਸਮੂਏਲ 17 ਵਿੱਚ ਸਦੀਆਂ ਤੋ ਪਾਸਟਰਾਂ ਨੇ ਵਿਸ਼ਵਾਸੀਆਂ ਦੇ ਲਈ ਨਕਲ ਕਰਨ ਲਈ ਦਾਊਦ ਨੂੰ ਇਕ ਉਦਾਹਰਣ ਦੇ ਤੋਰ ਤੇ ਮਨਣ ਲਈ ਯਾਚਣਾ ਕੀਤੀ ਹੈ। ਅਸੀ ਅਕਸਰ ਸੁਣਦੇ ਹਾਂ ਪਰਮੇਸ਼ੁਰ ਦੀ ਸ਼ਕਤੀ ਤੇ ਭਰੋਸਾ ਰੱਖਣ ਦੇ ਲਈ, ਅਤੇ ਗੋਲੀਅਥ ਨੂੰ ਹਰਾਉਣ ਦੇ ਲਈ ਸਾਊਲ ਦੇ ਹਥਿਆਰ ਨੂੰ ਮਨ੍ਹਾਂ ਕਰ ਕੇ ਵਡਿਆਈ ਕੀਤੀ ਹੈ। ਉਸਦਾ ਰਵੱਈਆ, ਸ਼ਬਦ ਅਤੇ ਕੰਮ ਸਭ ਵਿਸ਼ਵਾਸੀਆਂ ਲਈ ਇਕ ਨਮੂਨਾ ਹਨ ਨਕਲ ਕਰਣ ਲਈ ਜੱਦ ਉਹ ਆਪਣੀ ਨੀਜੀ ਆਤਮਿਕ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ।

ਅੱਜ ਦੇ ਸਮੇਂ ਵਿੱਚ ਬਹੁਤ ਸਾਰੇ ਵਿਆਖਿਆਕਾਰ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਦਾਊਦ ਨੂੰ 1 ਸੈਮੂਅਲ 17 ਵਿੱਚ ਇੱਕ ਨੈਤਿਕ ਉਦਾਹਰਣ ਵਜੋਂ ਪੇਸ਼ ਕਰਨਾ ਅਣਉਚਿਤ ਹੈ। ਉਹ ਦਲੀਲ ਦਿੰਦੇ ਹਨ ਕਿ ਸੈਮੂਅਲ ਦੀ ਕਿਤਾਬ ਦੇ ਇਸ ਹਿੱਸੇ ਨੂੰ ਇਹ ਦੱਸਣ ਲਈ ਤਿਆਰ ਕੀਤਾ ਗਿਆ ਸੀ ਕਿ ਦਾਊਦ ਦੇ ਘਰ ਨੇ ਸ਼ਾਊਲ ਦੇ ਘਰ ਨੂੰ ਇਸਰਾਏਲ ਦੇ ਸਥਾਈ ਸ਼ਾਹੀ ਰਾਜਵੰਸ਼ ਵਜੋਂ ਕਿਉਂ ਬਦਲ ਦਿੱਤਾ। ਤਾਂ ਉਹ ਸਿੱਟਾ ਕੱਢਦੇ ਹਨ ਗੋਲੀਅਥ ਉੱਤੇ ਦਾਊਦ ਦੀ ਜਿੱਤ ਇਕ ਮਸੀਹੀ ਨੂੰ ਇਸ ਸੋਚ ਵਿੱਚ ਲੈ ਕੇ ਜਾਵੇ ਕੀ ਮਸੀਹ ਮਹਾਨ ਦਾਊਦ ਰਾਜਾ ਦਾ ਪੁਤੱਰ ਹੈ ਅਤੇ ਉਸਦੀ ਦੁਸ਼ਟ ਉਤੇ ਜਿੱਤ ਹੈ। ਇਹ ਇੱਕ ਪ੍ਰਮੁੱਖ ਵਿਸਾ ਹੈ, ਪਰ ਇਹ ਹੈ, ਕਿਸੇ ਵੀ ਤਰੀਕੇ ਨਾਲ,ਸਿਰਫ ਇਹ ਨਿਰਦੇਸ਼ ਅਸੀ ਇਸ ਹਵਾਲੇ ਤੋ ਨਹੀਂ ਲੈ ਸਕਦੇ। ਦਾਊਦ ਦੇ ਵਿਸ਼ਵਾਸ ਦੀ ਉਸਦੇ ਹਾਲਾਤ ਵਿੱਚ ਹਰ ਵਿਸ਼ਵਾਸੀ ਨੂੰ ਨਕਲ ਕਰਨੀ ਚਾਹੀਦੀ ਹੈ, ਜਿਵੇਂ ਨਵਾ ਨੇਮ ਸਾਨੂੰ ਮਸੀਹ ਦੀ ਨਕਲ ਕਰਣ ਲਈ ਆਖਦਾ ਹੈ।

ਪੁਰਾਣਾ ਨੇਮ ਪੁਰੀ ਤਰ੍ਹਾਂ ਉਦਾਹਰਣਾਂ ਨਾਲ ਭਰੀਆਂ ਹੋਇਆ ਹੈ ਕੀ ਕਿਸ ਦੀ ਨਕਲ ਕਰਨੀ ਹੈ ਜਾਂ ਕਿਸ ਦਾ ਇਨਕਾਰ ਕਰਨਾ ਹੈ। ਅਤੇ ਇਹਨਾਂ ਉਦਾਹਰਣਾਂ ਦੀ ਖੋਜ ਕਰਨਾ ਵਿਸ਼ੇ-ਅਨੁਸਾਰ ਵਿਸ਼ਲੇਸ਼ਣ ਦੁਆਰਾ ਪੁਰਾਣੇ ਨੇਮ ਦੀ ਪ੍ਰਮਾਣਿਕ ਸਿੱਖਿਆ ਵਿੱਚ ਖੋਜ ਕਰਨ ਦਾ ਇੱਕ ਜਾਇਜ਼ ਤਰੀਕਾ ਹੈ।

ਧਰਮ ਸ਼ਾਸਤਰੀ ਸਿਧਾਂਤਾਂ ਅਤੇ ਬਾਈਬਲ ਦੀਆਂ ਉਦਾਹਰਣਾਂ ਤੋਂ ਇਲਾਵਾ ਤੀਸਰਾ ਵਿਸ਼ੇ-ਅਨੁਸਾਰ ਵਿਸ਼ਲੇਸ਼ਣ ਦਾ ਸਾਧਾਰਣ ਅਤੇ ਜਾਇਜ਼ ਕੇਂਦਰ, ਨਿੱਜੀ ਲੋੜਾਂ ਲਈ ਸ਼ਰਧਾ ਨਾਲ ਪੜ੍ਹਨਾ ਹੈ। ਵਿਸ਼ੇ-ਅਨੁਸਾਰ ਵਿਸ਼ਲੇਸ਼ਣ ਸਾਡੀ ਇਹ ਸਮਝਣਾ ਵਿੱਚ ਸਹਾਇਤਾ ਕਰਦਾ ਹੈ ਕੀ ਪੁਰਾਣੇ ਨੇਮ ਦੇ ਅੰਸ਼ ਅਲੱਗ ਅਲੱਗ ਮੁੱਦੇ ਦਾ ਕਿਵੇ ਜਿਕਰ ਕਰਦੇ ਹਨ ਜਿਸਦਾ ਵਿਸ਼ਵਾਸੀ ਅਪਣੀ ਨਿਜੀ ਜਿੰਦਗੀ ਵਿੱਚ ਸਾਮਣਾ ਕਰਦੇ ਹਨ।

## ਨਿੱਜੀ ਲੋੜਾਂ

ਅਸੀਂ ਸਭਨਾਂ ਨੇ ਪੁਰਾਣੇ ਨੇਮ ਵਿੱਚੋਂ ਪਾਠ ਸੁਣਿਆਂ ਹੈ ਕੀ ਇਕ ਚੰਗਾ ਪਿਤਾ ਜਾਂ ਚੰਗੀ ਮਾਂ ਕਿਸ ਤਰ੍ਹਾਂ ਬਨਣਾ ਹੈ। ਕੰਮ ਵਿੱਚ ਸਫ਼ਲ ਕਿਸ ਤਰ੍ਹਾਂ ਹੋਣਾ ਹੈ, ਪਰਮੇਸ਼ੁਰ ਦੀ ਭਗਤੀ ਕਿਸ ਤਰ੍ਹਾਂ ਕਰਨੀ ਹੈ ਜਾਂ ਭਾਵਨਾਤਮਕ ਸੰਘਰਸ਼ ਦਾ ਕਿਸ ਤਰ੍ਹਾਂ ਹੱਲ ਕਰਨਾ ਹੈ। ਪੁਰਾਣੇ ਨੇਮ ਦੇ ਅੰਸ਼ ਅਕਸਰ ਇਸ ਤਰ੍ਹਾਂ ਦੀਆਂ ਨਿੱਜੀ ਚਿੰਤਾਵਾ ਨੂੰ ਦਰਸਾਉਣ ਲਈ ਵਿਸ਼ੇ ਅਨੁਸਾਰ ਵਿਸ਼ਲੇਸ਼ਣ ਦੀ ਨਜ਼ਰ ਨਾਲ ਵੇਖੇ ਜਾਂਦੇ ਹਨ। ਹਾਲਾਂਕਿ ਇਹ ਮਾਮਲੇ ਬਾਈਬਲ ਦੇ ਅੰਸ਼ਾਂ ਦੀਆਂ ਛੋਟੀਆਂ ਵਿਸ਼ੇਸ਼ਤਾਵਾਂ ਹੋ ਸਕਦੀਆਂ ਹਨ, ਫਿਰ ਵੀ ਸਾਡੇ ਲਈ ਇਹ ਪਤਾ ਲਗਾਉਣਾ ਬਹੁਤ ਮਹੱਤਵਪੂਰਨ ਹੋ ਸਕਦਾ ਹੈ ਕਿ

ਪੁਰਾਣਾ ਨੇਮ ਉਹਨਾਂ ਨੂੰ ਕਿਵੇਂ ਸੰਬੋਧਿਤ ਕਰਦਾ ਹੈ।

ਉਦਾਹਰਣ ਲਈ ਸੇਵਕਾਂ ਨੇ ਪਿਤਾ ਵਜੋਂ ਦਾਊਦ ਦੀਆਂ ਅਸਫਲਤਾਵਾਂ ਬਾਰੇ ਪਿਤਾਵਾਂ ਨੂੰ ਸਹੀ ਚੇਤਾਵਨੀ ਦਿੱਤੀ। ਉਹਨਾਂ ਨੇ ਯਾਕੂਬ ਦੀ ਪਤਨੀ ਲਈ ਯਾਕੂਬ ਦੀ 14 ਸਾਲਾਂ ਦੀ ਮਿਹਨਤ ਤੋਂ ਸਖ਼ਤ ਮਿਹਨਤ ਦਾ ਸਿਧਾਂਤ ਪ੍ਰਾਪਤ ਕੀਤਾ ਹੈ। ਪਾਸਬਾਨ ਅਰਾਧਨਾ ਦੇ ਤੱਤਾਂ ਨੂੰ ਦਰਸਾਉਣ ਲਈ ਮਲਕਿਸਿਦਕ ਅਤੇ ਅਬਰਾਹਾਮ ਦੀ ਕਹਾਣੀ ਵੱਲ ਮੁੜਦੇ ਹਨ। ਉਹ ਆਤਮਿਕ ਉਦਾਸੀ ਦਾ ਸਾਹਮਣਾ ਕਰਨ ਵਾਲੇ ਵਿਸ਼ਵਾਸੀਆਂ ਦੀ ਅਗਵਾਈ ਕਰਨ ਲਈ ਕਰਮਲ ਪਹਾੜ ਤੋਂ ਬਾਅਦ ਏਲੀਯਾਹ ਦੇ ਭਾਵਨਾਤਮਕ ਸੰਘਰਸ਼ਾਂ ਨੂੰ ਵੇਖਦੇ ਹਨ।

> **ਮੈਨੂੰ ਲੱਗਦਾ ਹੈ ਕਿ ਬਾਈਬਲ ਸਾਡੇ ਨੈਤਿਕ ਜੀਵਨ ਲਈ ਭਰੋਸੇਮੰਦ ਮਾਰਗਦਰਸ਼ਕ ਹੈ ਕਿਉਂਕਿ ਬਾਈਬਲ ਉਹਨਾਂ ਲੋਕਾਂ ਦੀਆਂ ਘਟਨਾਵਾਂ ਬਾਰੇ ਦੱਸਦੀ ਹੈ ਜੋ ਅਸਫ਼ਲ ਹੋ ਗਏ ਸਨ ਪਰ ਮੁੜ ਬਹਾਲ ਹੋ ਗਏ, ਪਰ ਉਹਨਾਂ ਲੋਕਾਂ ਨੂੰ ਵੀ ਜੋ ਅਸਫ਼ਲ ਹੋਏ ਅਤੇ ਕਦੇ ਵੀ ਬਹਾਲ ਨਹੀਂ ਹੋਏ, ਇਹ ਸਮਝਣ ਵਿੱਚ ਸਾਡੀ ਮਦਦ ਕਰਨ ਲਈ ਕਿ ਪਰਮੇਸ਼ੁਰ ਸਾਨੂੰ ਮਾਫ਼ ਕਰਨ ਲਈ ਅਜੇ ਵੀ ਮੌਜੂਦ ਹੈ। ਅਤੇ ਜੱਦ ਉਹ ਸਾਨੂੰ ਬਹਾਲ ਕਰਦਾ ਹੈ, ਪਰਮੇਸ਼ੁਰ ਦੀ ਕਿਰਪਾ ਦੇ ਕਾਰਨ ਅਸੀਂ ਜਿੱਤ ਦਾ ਜੀਵਨ ਜੀਉਣ ਦੇ ਯੋਗ ਹੋ ਜਾਦੇਂ ਹਾਂ... ਅਤੇ ਇਸ ਤਰ੍ਹਾਂ ਮੇਰੇ ਲਈ ਵੀ ਬਾਈਬਲ ਮੇਰੇ ਨੈਤਿਕ ਜੀਵਨ ਲਈ ਬਹੁਤ ਹੀ ਭਰੋਸੇ ਯੋਗ ਮਾਰਗ ਦਰਸ਼ਕ ਹੈ। ਅਸੀਂ ਬਾਈਬਲ ਦਾ ਗ਼ਲਤ ਇਸਤੇਮਾਲ ਨਹੀਂ ਕਰ ਸਕਦੇ। ਅਸੀਂ ਬਾਈਬਲ ਦਾ ਗ਼ਲਤ ਹਵਾਲਾ ਨਹੀਂ ਦੇ ਸਕਦੇ, ਮੁੱਖ ਤੌਰ ਤੇ ਉਹਨਾਂ ਘਟਨਾਂਵਾ ਵਿੱਚ ਜਿੱਥੇ ਮਨੁੱਖ ਅਸਫ਼ਲ ਹੋ ਗਏ ਕਿਉਂਕੀ ਇਹ ਸਾਡੇ ਸਿੱਖਣ ਲਈ ਹੈ ਅਤੇ ਇਸ ਵੀਹਾਰ ਨੂੰ ਦੁਬਾਰਾ ਨਾਂ ਦੁਹਰਾਉਣ ਲਈ ਹੈ, ਪਰ ਇਸਦੀ ਬਜਾਏ ਇਸ ਵੀਹਾਰ ਤੋ ਸਿੱਖ ਹੈ, ਕੀ ਅਸੀਂ ਕਿੱਥੇ ਪਾਪ ਕਰਨ ਲਈ ਪ੍ਰੇਰਿਤ ਹਾਂ, ਕਿੱਥੇ ਅਸੀਂ ਅਸਫ਼ਲ ਹੋਣ ਦੀ ਸੰਭਾਵਨਾ ਰੱਖਦੇ ਹਾਂ, ਅਤੇ ਇਸ ਲਈ ਮਸੀਹ ਨੂੰ ਸਾਡੀ ਅਗਵਾਈ ਕਰਨ ਲਈ ਕਹਿ ਕੇ ਪਵਿੱਤਰ ਆਤਮਾ ਦੀ ਸ਼ਕਤੀ ਦੁਆਰਾ ਸਾਡੀ ਰੱਖਿਆ ਕਰ ਤਾਂ ਜੋ ਪਰਮੇਸ਼ੁਰ ਸਾਡੇ ਜੀਵਨ ਵਿੱਚ ਪ੍ਰਮੁੱਖ ਰਹੇ।**
>
> **— ਡਾ: ਅਸ਼ੀਸ਼ ਕ੍ਰਿਸਪਾਲ**

ਵਿਸ਼ੇ-ਅਨੁਸਾਰ ਵਿਸ਼ਲੇਸ਼ਣ ਦੁਆਰਾ ਪੁਰਾਣੇ ਨੇਮ ਨੂੰ ਸ਼ੀਸ਼ੇ ਦੇ ਸਮਾਨ ਵੇਖਣਾ ਬਹੁਤ ਸਾਰੇ ਆਕਾਰ ਲੈਂਦਾ ਹੈ। ਅਤੇ ਇਹ ਰਣਨੀਤੀ ਦੀ ਅਜੀਹੀ ਕੀਮਤ ਹੈ ਜਿਸਨੂੰ ਅਸੀਂ ਮਨਾਂ ਨਹੀ ਕਰ ਸਕਦੇ। ਜਿਵੇਂ ਅਸੀਂ ਪੁਰਾਣੇ ਨੇਮ ਦੀਆਂ ਲਿਖਤਾਂ ਦੀ ਪੜਚੋਲ ਕਰਦੇ ਹਾਂ, ਇਹ ਸਹੀ ਹੈ ਕੀ ਅਸੀਂ ਹਰ ਇਕ ਉਹ ਵਿਸ਼ੇ ਜਿਹੜੇ ਪਵਿੱਤਰ ਸ਼ਾਸਤਰ ਨੂੰ ਪ੍ਰਗਟ ਕਰਦੇ ਹਨ ਉਨ੍ਹਾਂ ਵੱਲ ਧਿਆਨ ਦਈਏ, ਚਾਹੇ ਉਸਦੇ ਸੰਬੰਧ ਥੋੜ੍ਹੇ ਹੀ ਕਿਉਂ ਨਾ ਹੋਣ।

ਹੁਣ ਸਾਡੇ ਕੋਲ ਕੁਝ ਰਾਹ ਹਨ ਜਿਸਦੇ ਦੁਆਰਾ ਅਸੀਂ ਪੁਰਾਣੇ ਨੇਮ ਵਿੱਚ ਇੱਕ ਸ਼ੀਸ਼ੇ ਦੇ ਸਮਾਨ ਪਹੁੰਚ ਸਕਦੇ ਹਾਂ, ਹੁਣ ਅਸੀਂ ਇੱਕ ਦੂਜੀ ਵੱਡੀ ਰਣਨੀਤੀ ਵੱਲ ਮੁੜਨ ਦੀ ਸਥਿਤੀ ਵਿੱਚ ਹਾਂ ਜਿਸਦਾ ਪਰਮੇਸ਼ੁਰ ਦੇ ਲੋਕਾਂ ਨੇ ਪਾਲਣ ਕੀਤਾ ਹੈ- ਇਤਿਹਾਸ ਦੀ ਇੱਕ ਖਿੜਕੀ ਵਜੋਂ ਪੁਰਾਣੇ ਨੇਮ ਦੇ ਸਿਧਾਂਤ ਤੱਕ ਪਹੁੰਚਣ ਲਈ।

# ਨਿਰਧਾਰਿਤ ਲਿਖਤਾਂ ਖਿੜਕੀ ਦੇ ਸਮਾਨ

ਸਮੇਂ ਸਮੇਂ ਤੇ, ਪੁਰਾਣੇ ਨੇਮ ਦੇ ਨਬੀਆਂ ਨੇ ਇਸਰਾਏਲ ਨੂੰ ਚੇਤਾਵਨੀ ਦਿੱਤੀ ਕੀ ਪਰਮੇਸ਼ੁਰ ਦੀ ਵਫ਼ਾਦਾਰੀ ਦੀ ਸੇਵਾ ਲਈ ਉਨ੍ਹਾਂ ਨੂੰ ਇਹ ਯਾਦ ਰੱਖਣ ਦੀ ਲੋੜ ਸੀ ਕਿ ਪਰਮੇਸ਼ੁਰ ਨੇ ਉਨ੍ਹਾਂ ਲਈ ਅਤੀਤ ਵਿੱਚ ਕੀ ਕੀਤਾ ਸੀ। ਇਸ ਚੇਤਾਵਨੀ ਦੇ ਜਵਾਬ ਵਿੱਚ, ਇਸਰਾਏਲ ਵਿੱਚ ਵਫ਼ਾਦਾਰ ਅਤੇ ਮਸੀਹੀ ਕਲੀਸਿਆ ਨੇ ਹਮੇਸ਼ਾ ਪੁਰਾਣੇ ਨੇਮ ਨੂੰ ਇਤਿਹਾਸ ਦੀ ਇੱਕ ਖਿੜਕੀ ਦੇ ਸਮਾਨ ਮੰਨਿਆ ਹੈ। ਬਾਈਬਲ ਦੀ ਨਿਹਚਾ ਦੀ ਜੜ੍ਹ ਮਿਥਿਹਾਸ, ਸਿਆਸੀ ਪ੍ਰਚਾਰ, ਨਾਂ ਹੀ ਅਮੂਰਤ ਦਰਸ਼ਨ ਵਿੱਚ ਹੈ। ਪਰ ਇਸਦੀ ਜੜ੍ਹ ਸੱਚ ਉੱਤੇ ਹੈ ਕੀ ਪਰਮੇਸ਼ੁਰ ਨੇ ਇਤਿਹਾਸ ਵਿੱਚ ਕੰਮ ਕੀਤਾ ਹੈ ਅਤੇ ਪਵਿੱਤਰ ਸ਼ਾਸਤਰ ਸਾਨੂੰ ਭਰੋਸੰਦ ਲੇਖੇ ਦਿਦੇਂ ਹਨ ਕੀ ਪਰਮੇਸ਼ੁਰ ਨੇ ਕੀ ਕੁੱਝ ਕੀਤਾ ਹੈ। ਪਵਿੱਤਰ ਆਤਮਾ ਲਗਾਤਾਰ ਪੁਰਾਣੇ ਨੇਮ ਦੇ ਲੇਖਕਾਂ ਦੀ ਅਗਵਾਈ ਕਰਦਾ ਰਿਹਾ ਕੀ ਜੋ ਕੁਝ ਪਰਮੇਸ਼ੁਰ ਨੇ ਕੀਤਾ ਉਹਨਾਂ ਨੂੰ ਪ੍ਰਗਟ ਕਰੇ। ਅਤੇ ਇਸ ਕਾਰਨ, ਪੁਰਾਣੇ ਨੇਮ ਦੀਆਂ ਕਿਤਾਬਾਂ ਦਾ ਇਤਿਹਾਸਿਕ ਵਿਸ਼ਲੇਸ਼ਣ ਸਾਡੇ ਜੀਵਨ ਵਿੱਚ ਪੁਰਾਣੇ ਨੇਮ ਨੂੰ ਸਮਝਣ ਅਤੇ ਲਾਗੂ ਕਰਨ ਲਈ ਇੱਕ ਮਹੱਤਵਪੂਰਨ ਰਣਨੀਤੀ ਹੈ।

ਜਦ ਅਸੀਂ ਕੋਈ ਆਮ ਕਿਤਾਬ ਪੜਦੇ ਹਾਂ ਜਿਸ ਵਿੱਚ ਅਤੀਤ ਦੀਆਂ ਘਟਨਾਵਾਂ ਦੀ ਜ਼ਿਕਰ ਹੁਦਾਂ ਹੈ, ਸਾਡਾ ਧਿਆਨ ਉਹਨਾਂ ਇਤਿਹਾਸਿਕ ਘਟਨਾਵਾਂ ਵੱਲ ਵੱਧਣਾ ਸੁਭਾਵਿਕ ਹੈ, ਜਿਹਨਾਂ ਦਾ ਇਹ ਵਰਣਨ ਕਰਦਾ ਹੈ। ਕਈ ਵਾਰ ਅਸੀਂ ਇਤਿਹਾਸ ਵਿੱਚ ਮਗਨ ਹੋ ਜਾਦੇਂ ਹਾਂ ਕੀ ਅਸੀਂ ਵਿਸ਼ੇ ਬਾਰੇ ਸੋਚਣਾ ਬੰਦ ਕਰ ਦਿੰਦੇ ਹਾਂ ਜਿਹੜੇ ਸਾਡੇ ਖੁਦ ਦੇ ਅਨੁਭਵ ਤੋ ਆਉਂਦੇ ਹਨ। ਇਸ ਦੇ ਬਜਾਏ ਅਸੀਂ ਕਿਤਾਬਾਂ ਦੀਆਂ ਘਟਨਾਵਾਂ ਨੂੰ ਵੇਖਦੇ ਹਾਂ ਅਤੇ ਕਲਪਨਾ ਕਰਦੇ ਹਾਂ ਕੀ ਪ੍ਰਗਟ ਕੀਤੀਆਂ ਹੋਈਆ ਚੀਜ਼ਾਂ ਉਸ ਸਮੇਂ ਵਿੱਚ ਕਿਸ ਤਰ੍ਹਾਂ ਦੀਆਂ ਹੁੰਦੀਆਂ ਹਨ।

ਇਸੇ ਤਰ੍ਹਾਂ ਪੁਰਾਣੇ ਨੇਮ ਦੀਆਂ ਲਿਖਤਾਂ ਪ੍ਰਗਟ ਕਰਦੀਆਂ ਹਨ ਕੀ ਸੰਸਾਰ ਬਹੁਤ ਪਹਿਲਾਂ ਦਾ ਮੌਜੂਦ ਸੀ। ਅਤੇ ਪਰਮੇਸ਼ੁਰ ਦੇ ਲੋਕਾਂ ਨੇ ਪਰਮੇਸ਼ੁਰ ਦੇ ਸ਼ਾਹੀ ਅਧਿਕਾਰ ਨੂੰ ਅਪਣੇ ਜੀਵਣ ਤੇ ਸਮਰਪਣ ਕੀਤਾ ਸੀ ਪੁਰਾਣੇ ਨੇਮ ਤੱਕ ਇੱਕ ਖਿੜਕੀ ਦੇ ਰੂਪ ਵਿੱਚ ਪਹੁੰਚ ਕੇ ਜੋ ਸਾਨੂੰ ਉਸ ਸੰਸਾਰ ਵਿੱਚ ਵੇਖਣ ਦੀ ਆਗਿਆ ਦਿੰਦੀ ਹੈ। ਅਸੀਂ ਇਸ ਰਣਨੀਤੀ ਬਾਰੇ "ਇਤਿਹਾਸਿਕ ਵਿਸ਼ਲੇਸ਼ਣ" ਵਜੋਂ ਗੱਲ ਕਰਾਂਗੇ ਕਿਉਂਕਿ ਇਹ ਪਿੱਛਲੀਆਂ ਘਟਨਾਵਾਂ ਤੇ ਕੇਂਦ੍ਰਿਤ ਹੈ ਅਤੇ ਪੁਰਾਣੇ ਨੇਮ ਇਹਨਾਂ ਘਟਨਾਵਾਂ ਬਾਰੇ ਕੀ ਆਖਦਾ ਹੈ।

ਪੁਰਾਣੇ ਨੇਮ ਦੇ ਕੈਨਨ ਦਾ ਇਤਿਹਾਸਿਕ ਵਿਸ਼ਲੇਸ਼ਣ ਦੀ ਪੜਚੋਲ ਕਰਨ ਲਈ, ਅਸੀਂ ਇਕ ਵਾਰ ਫਿਰ ਤੋਂ ਦੋ ਮੁੱਦਿਆਂ ਨੂੰ ਵੇਖਾਗੇਂ; ਪਹਿਲਾ, ਪੁਰਾਣੇ ਨੇਮ ਨੂੰ ਇਤਿਹਾਸ ਦੀ ਇੱਕ ਬਾਰੀ ਵਜੋਂ ਸੰਭਾਲਣ ਲਈ ਆਧਾਰ ਜਾਂ ਤਰਕ, ਅਤੇ ਦੂਜਾ, ਇਸ ਰਣਨੀਤੀ ਤੇ ਧਿਆਨ ਕੇਂਦਰ ਕਰਨਾ। ਆਓ ਪਹਿਲਾਂ ਪੁਰਾਣੇ ਨੇਮ ਦੇ ਪਵਿੱਤਰ ਸ਼ਾਸਤਰਾਂ ਦੇ ਇਤਿਹਾਸਿਕ ਵਿਸ਼ਲੇਸ਼ਣ ਦੇ ਆਧਾਰ ਤੇ ਨਜ਼ਰ ਮਾਰੀਏ।

## ਆਧਾਰ

ਦੁੱਖਪੂਰਵਕ ਅੱਜ ਤੋ ਸਦਿਆਂ ਪਹਿਲਾਂ, ਬਹੁਤ ਸਾਰੇ ਪੁਰਾਤੱਤਵ ਵਿਗਿਆਨੀ ਅਤੇ ਇਤਿਹਾਸਕਾਰ ਨੇ ਦਾਅਵਾ ਕੀਤਾ ਸੀ ਕੀ ਕੋਈ ਵੀ ਵਾਜਬ ਵਿਅਕਤੀ ਇਹ ਨਿਹਚਾ ਨਹੀਂ ਕਰੇਗਾ ਕੀ ਪੁਰਾਣੇ ਨੇਮ ਦਾ ਕੈਨਨ ਇਤਿਹਾਸਿਕ ਰੂਪ ਵਿੱਚ ਭਰੋਸੇਯੋਗ ਹੈ। ਉਹਨਾਂ ਦੇ ਵਿਚਾਰ ਵਿੱਚ ਇਹ ਪਵਿੱਤਰ ਕਲਪਨਾ ਨਾਲੋਂ ਬਹੁਤ ਘੱਟ ਹੈ ਜੋ ਕੁੱਝ ਅਤਮਿਕ ਜਾਂ ਨੈਤਿਕ

ਮਾਰਗਦਰਸ਼ਣ ਪ੍ਰਦਾਨ ਕਰਦਾ ਹੈ। ਇਹ ਪੁਰਾਣੇ ਨੇਮ ਦੇ ਭਰੋਸੇਯੋਗ ਬਾਰੇ ਸੰਦੇਹਵਾਦ ਬਹੁਤ ਲੰਮੇ ਸਮੇਂ ਤਕ ਫੈਲਿਆਂ ਕਿ ਕੁਝ ਮਸੀਹੀ ਪ੍ਰਚਾਰਕ ਵੀ ਇਸਦੇ ਪ੍ਰਭਾਵ ਵਿੱਚ ਆ ਗਏ। ਕੁੱਝ ਪ੍ਰਚਾਰਕਾਂ ਨੇ ਪੁਰਾਣੇ ਨੇਮ ਨੂੰ ਇਤਿਹਾਸ ਦੀ ਬਾਰੀ ਵਜੋਂ ਵਰਤਣਾ ਛੱਡ ਦਿੱਤਾ ਹੈ।

ਪੁਰਾਣੇ ਨੇਮ ਦੇ ਇਤਿਹਾਸਿਕ ਵਿਸ਼ਲੇਸ਼ਣ ਵੱਲ ਜਾਣ ਦੇ ਬਹੁਤ ਸਾਰੇ ਕਾਰਨ ਹਨ। ਪਰ ਇਕਸਾਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਆਪਣੇ ਆਪ ਨੂੰ ਦੋ ਮੁੱਦਿਆਂ ਤੱਕ ਸੀਮਿਤ ਰੱਖਾਂਗੇ ਜਿਨ੍ਹਾਂ ਨੂੰ ਅਸੀਂ ਪਹਿਲਾਂ ਛੂਹਿਆ ਸੀ: ਆਪਣੇ ਆਪ ਵਿੱਚ ਪਵਿੱਤਰ ਸ਼ਾਸਤਰ ਦਾ ਪਾਤਰ ਅਤੇ ਬਾਈਬਲ ਦੀਆਂ ਉਦਾਹਰਣਾਂ। ਆਓ ਪਹਿਲਾਂ ਉਨ੍ਹਾਂ ਤਰੀਕਿਆਂ ਬਾਰੇ ਸੋਚੀਏ ਕਿ ਪਵਿੱਤਰ ਸ਼ਾਸਤਰ ਦਾ ਪਾਤਰ ਇਤਿਹਾਸਿਕ ਵਿਸ਼ਲੇਸ਼ਣ ਲਈ ਇੱਕ ਠੋਸ ਆਧਾਰ ਪ੍ਰਦਾਨ ਕਰਦਾ ਹੈ।

## ਪਵਿੱਤਰ ਸ਼ਾਸਤਰ ਦਾ ਪਾਤਰ

2 ਤਿਮੋਥਿਉਸ 3:16 ਵੀਚ ਪੌਲੁਸ ਦੇ ਮਸ਼ਹੂਰ ਸ਼ਬਦਾਂ ਨੂੰ ਸੁਣੋ:

> ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ (2ਤਿਮੋਥਿਉਸ3 :16)

ਯਿਸੂ ਅਤੇ ਉਸ ਦੇ ਪਹਿਲੀ ਸਦੀ ਦੇ ਰਸੂਲਾਂ ਅਤੇ ਨਬੀਆਂ ਦੀਆਂ ਸਿੱਖਿਆਵਾਂ ਦਾ ਪਾਲਣ ਕਰਨਾ, ਮਸੀਹੀ ਪੱਕਾ ਕਰਦੇ ਹਨ ਕੀ ਪੁਰਾਣਾ ਨੇਮ ਪਰਮੇਸ਼ੁਰ ਵੱਲੋ ਹੈ, ਕੀ ਇਹ ਪ੍ਰੇਰੀਤ ਹੈ, ਜਾਂ ਪਰਮੇਸ਼ੁਰ ਦੇ ਸਾਹ ਦੁਆਰਾ ਨਿਕਲਿਆਂ ਹੈ। ਇਸ ਸਿੱਖਿਆ ਦੇ ਅਨੁਸਾਰ, ਮਸੀਹੀਆਂ ਨੂੰ ਇਸ ਨਿਹਚਾ ਨਾਲ ਪੁਰਾਣੇ ਨੇਮ ਦਾ ਅਧਿਐਨ ਕਰਨ ਲਈ ਮਜਬੂਰ ਕੀਤਾ ਗਿਆ ਹੈ ਕਿ ਪਵਿੱਤਰ ਸ਼ਾਸਤਰ ਦੁਆਰਾ ਕੀਤਾ ਗਿਆ ਹਰ ਦਾਅਵਾ ਸੱਚ ਹੈ।

> **2 ਤਿਮੋਥਿਉਸ 3:16 ਸਾਨੂੰ ਵਿਸ਼ਵਾਸੀ ਹੋਣ ਦੇ ਨਾਤੇ ਮਜ਼ਬੂਰ ਕਰਦੀ ਹੈ ਕੀ ਅਸੀਂ ਪੁਰਾਣੇ ਨੇਮ ਅਤੇ ਇਸਦੀ ਇਤਹਾਸਿਕ ਘਟਨਾਵਾਂ ਦੇ ਦਾਅਵੀਆਂ ਨੂੰ ਪੜ੍ਹੀਏ ਜਿਹੜੇ ਸੱਚੇ ਹਨ, ਕਿਉਂਕੀ ਪਵਿੱਤਰ ਸ਼ਾਸਤਰ ਦੇ ਇਸ ਅੰਸ਼ ਵੀਚ, 2 ਤਿਮੋਥਿਉਸ 3:16, ਵਿੱਚ ਅਸੀਂ ਪੜ੍ਹਦੇ ਹਾਂ ਕੀ ਪਰਮੇਸ਼ੁਰ ਦਾ ਵਚਨ ਪਰਮੇਸ਼ੁਰ ਦਾ ਸਾਹ ਹੈ। ਅਤੇ ਇਸ ਲਈ, ਇੱਕ ਸੰਪੂਰਨ ਪਰਮੇਸ਼ੁਰ ਤੋਂ ਇੱਕ ਸੰਪੂਰਨ ਵਚਨ ਆਉਂਦਾ ਹੈ, ਗ਼ਲਤੀ ਤੋਂ ਮੁਕਤੀ। ਪਵਿੱਤਰ ਆਤਮਾ ਦੀ ਪ੍ਰੇਰਣਾਂ ਨਾਲ, ਅਸੀਂ ਪਵਿੱਤਰ ਸ਼ਾਸਤਰ ਦੀ ਅਸ਼ੁੱਧਤਾ ਵਿੱਚ ਨਿਹਚਾ ਕਰਦੇ ਹਾਂ। ਅਤੇ ਇਸ ਲਈ, ਉਸ ਧਾਰਨਾਂ ਦੇ ਨਾਲ ਸ਼ੁਰੂ ਕਰਦੇ ਹੋਏ, ਅਸੀਂ ਸਮਝਦੇ ਹਾਂ ਕਿ ਬਾਈਬਲ ਇਤਿਹਾਸ ਦੇ ਮਾਮਲਿਆਂ ਬਾਰੇ ਸੱਚ ਹੋਣ ਬਾਰੇ ਕੀ ਆਖਦੀ ਹੈ।**
>
> **— ਰੇਵ. ਕੇਵੀਨ ਲੈਬੀ**

ਨਵੇਂ ਨੇਮ ਦੀ ਤਰ੍ਹਾਂ ਨਿਹਚਾ ਇਸ ਗੱਲ ਤੇ ਅਧਾਰਿਤ ਹੈ ਕਿ ਪਰਮੇਸ਼ੁਰ ਨੇ ਮਸੀਹ ਦੁਆਰਾ ਇਤਿਹਾਸ ਵਿੱਚ ਕੀ ਕੀਤਾ ਸੀ, ਪੁਰਾਣੇ ਨੇਮ ਦੀਆਂ ਸਾਰੀਆਂ ਸਿੱਖਿਆਵਾਂ ਇਸ ਗੱਲ ਤੇ ਅਧਾਰਿਤ ਹਨ ਕਿ ਪਰਮੇਸ਼ੁਰ ਨੇ ਮਸੀਹ ਤੋਂ ਪਹਿਲਾਂ

ਇਤਿਹਾਸ ਵਿੱਚ ਕੀ ਕੀਤਾ ਸੀ। ਇਸ ਕਾਰਨ ਮਸੀਹ ਦੇ ਪਿੱਛੇ ਚੱਲਣ ਵਾਲੇ ਵਿਸ਼ਵਾਸੀ ਦਾਅਵਾ ਕਰਦੇ ਹਨ ਕਿ ਪੁਰਾਣੇ ਨੇਮ ਦਾ ਹਰ ਇਤਿਹਾਸਿਕ ਦਾਅਵਾ ਸਚਿਆਈ ਨਾਲ ਸੱਚੀ ਘਟਨਾ ਨੂੰ ਪ੍ਰਗਟ ਕਰਦਾ ਹੈ। ਜਦ ਪੁਰਾਣਾ ਨੇਮ ਸਿਖਾਉਂਦਾ ਦਾ ਹੈ ਕੀ ਕੁਝ ਹੋਇਆ ਹੈ, ਇਹ ਪਰਮੇਸ਼ੁਰ ਦੇ ਅਧਿਕਾਰ ਨਾਲ ਬੋਲਦਾ ਹੈ। ਇਸ ਲਈ ਸਾਨੂੰ ਯਕੀਨ ਹੋਣਾ ਚਾਹੀਦਾ ਹੈ ਕੀ ਇਹ ਹੈ।

ਇਸ ਉੱਪਰ ਬਹੁਤ ਸਾਰੇ ਅਲੱਗ ਅਲੱਗ ਇਤਰਾਜ਼ ਹੋਏ ਹਨ। ਮਿਸਾਲ ਲਈ, ਬਹੁਤ ਸਾਰੇ ਵਿਦਵਾਨ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਪਵਿੱਤਰ ਸ਼ਾਸਤਰ ਇੰਨੇ ਚੋਣਵੇਂ ਹਨ ਕਿ ਉਨ੍ਹਾਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਇਹ ਸੱਚ ਹੈ ਕਿ ਪੁਰਾਣੇ ਨੇਮ ਦਾ ਇਤਿਹਾਸਿਕ ਅਭਿਲੇਖ ਬਹੁਤ ਹੀ ਚੋਣਵਾ ਹੈ। ਇਹ ਬਹੁਤ ਕੁੱਝ ਛੱਡ ਦਿੰਦਾ ਹੈ, ਇਸ ਤੋਂ ਕਿਤੇ ਵੱਧ ਇਸਦਾ ਜ਼ਿਕਰ ਕੀਤਾ ਗਿਆ ਹੈ। ਪਰ ਸਾਡੇ ਵਾਸਤੇ ਇਹ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ। ਤੁਹਾਨੂੰ ਯਾਦ ਹੋਵੇਗਾ ਕਿ ਯੂਹੰਨਾ ਰਸੂਲ ਨੇ, ਯੂਹੰਨਾ 21:25 ਵਿੱਚ, ਯਿਸੂ ਦੇ ਜੀਵਨ ਬਾਰੇ ਇਹ ਆਖਿਆ ਸੀ:

> ਅਤੇ ਹੋਰ ਵੀ ਢੇਰ ਸਾਰੇ ਕੰਮ ਹਨ ਜਿਹੜੇ ਯਿਸੂ ਨੇ ਕੀਤੇ। ਜੋ ਉਹ ਸੱਭੇ ਇੱਕ ਇੱਕ ਕਰਕੇ ਲਿਖੇ ਜਾਂਦੇ ਤਾਂ ਮੈਂ ਸਮਝਦਾ ਹਾਂ ਭਾਈ ਜਿਹੜੀਆਂ ਪੁਸਤਕਾਂ ਲਿਖੀਆਂ ਜਾਂਦੀਆਂ ਉਹ ਜਗਤ ਵਿੱਚ ਭੀ ਨਾ ਸਮਾਉਂਦੀਆਂ (ਯੂਹੰਨਾ 21:25)

ਜੇ ਇਹ ਸੱਚ ਹੈ ਕਿ ਸੰਸਾਰ ਵਿੱਚ ਯਿਸੂ ਦੇ ਜੀਵਨ ਬਾਰੇ ਸਭ ਕੁੱਝ ਲਿਖਣ ਲਈ ਲੋੜੀਂਦੀਆਂ ਕਿਤਾਬਾਂ ਸ਼ਾਮਲ ਨਹੀਂ ਹੋ ਸਕਦੀਆਂ, ਤਾਂ ਸਾਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਪੁਰਾਣੇ ਨੇਮ ਦੇ ਸਮੇਂ ਵਿੱਚ ਵਾਪਰੀਆਂ ਅਣਗਿਣਤ ਘਟਨਾਵਾਂ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਲਿਖਦਾ ਹੈ। ਫਿਰ ਵੀ, ਇਹ ਚੋਣਵੀਂ ਗੱਲ ਇਸ ਗੱਲ ਦੀ ਸਚਿਆਈ ਤੇ ਪ੍ਰਭਾਵ ਨਹੀਂ ਪਾਉਂਦੀ ਹੈ ਕਿ ਪਵਿੱਤਰ ਸ਼ਾਸਤਰ ਸਾਨੂੰ ਇਤਿਹਾਸ ਬਾਰੇ ਕੀ ਦੱਸਦਾ ਹੈ।

ਸੰਦੇਹਵਾਦੀ ਬਾਈਬਲ ਦੇ ਵਿਆਖਿਆਕਾਰਾਂ ਨੇ ਪੁਰਾਣੇ ਨੇਮ ਦੀ ਇਤਿਹਾਸਿਕ ਭਰੋਸੇ ਦੀ ਯੋਗਤਾ ਤੇ ਵੀ ਇਤਰਾਜ਼ ਕੀਤਾ ਹੈ ਕਿਉਂਕਿ ਇਹ ਅਲੋਕਿਕ ਘਟਨਾਵਾਂ ਦਾ ਹਵਾਲਾ ਦਿੰਦਾ ਹੈ। ਪੁਰਾਣੇ ਨੇਮ ਦੇ ਅਭਿਲੇਖ ਵਿੱਚ ਪਰਮੇਸ਼ੁਰ ਅਤੇ ਆਤਮਾਵਾਂ ਮੁੱਖ ਭੂਮਿਕਾਵਾਂ ਨਿਭਾਉਂਦੀਆਂ ਹਨ, ਅਤੇ ਇਹ ਤੱਥ ਅਕਸਰ ਆਧੁਨਿਕ ਪ੍ਰਕਿਰਤੀਵਾਦੀ ਵਿਆਖਿਆਕਾਰਾਂ ਲਈ ਬੰਦ ਹੁੰਦਾ ਹੈ। ਪਰ ਇਹ ਸਾਨੂੰ ਪਰੇਸ਼ਾਨ ਨਹੀਂ ਕਰਨਾ ਚਾਹੀਦਾ ਕਿਉਂਕਿ ਮਸੀਹੀ ਨਿਹਚਾ ਸ਼ੁਰੂ ਤੋਂ ਅੰਤ ਤੱਕ ਇੱਕ ਅਲੋਕਿਕ ਨਿਹਚਾ ਹੈ। ਕੋਈ ਵੀ ਜੋ ਮਸੀਹ ਦਾ ਅਨੁਸਰਣ ਕਰਦਾ ਹੈ ਜਿਵੇਂ ਕਿ ਪ੍ਰਭੂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਉਸ ਨੂੰ ਅਲੋਕਿਕ ਘਟਨਾਵਾਂ ਵਿੱਚ ਨਿਹਚਾ ਕਰਨ ਵਿੱਚ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ ਜੋ ਪੁਰਾਣੇ ਨੇਮ ਵਿੱਚ ਵਰਣਨ ਕੀਤੀ ਗਈ ਹੈ।

> **ਮੈਂ ਨਿਹਚਾ ਕਰਦਾ ਹਾਂ ਕੀ ਇਹ ਲੋਕਾਂ ਵਾਸਤੇ ਜ਼ਰੂਰੀ ਹੈ ਕੀ ਉਹ ਸਮਝਣ ਅਤੇ ਨਿਹਚਾ ਕਰਨ ਕੀ ਬਾਈਬਲ ਵਿੱਚ ਦਰਸਾਈਆਂ ਗਈਆਂ ਅਲੋਕਿਕ ਘਟਨਾਵਾਂ ਭਰੋਸੇਯੋਗ ਹਨ ਕਿਉਂਕਿ ਇਹ ਬਾਈਬਲ ਦੀ ਭਰੋਸੇਯੋਗਤਾ ਬਾਰੇ ਗੱਲ ਕਰਦੀ ਹੈ … ਜਿਵੇਂ ਪੌਲੁਸ 1 ਕੁਰਿੰਥੀਆਂ 15 ਵਿੱਚ ਆਖਦਾ ਹੈ, ਕਿ ਜੇਕਰ ਮਸੀਹ ਮੁਰਦਿਆਂ ਵਿੱਚੋ ਨਹੀਂ ਜੀ ਉਠਿਆਂ ਫਿਰ ਸਾਡੀ ਨਿਹਚਾ ਬੇਕਾਰ ਹੈ; ਅਸੀਂ ਅਜੇ ਵੀ ਪਾਪ ਵਿੱਚ ਹਾਂ। ਇਸੇਂ ਤਰ੍ਹਾਂ ਹੀ ਜੇਕਰ ਕੂਚ ਨਾਂ ਹੋਇਆ, ਜੇਕਰ ਗੁਲਾਮੀ ਨਾਂ ਹੋਈ, ਗੁਲਾਮੀ ਵਿੱਚੋ ਆਜ਼ਾਦੀ ਨਾਂ ਹੋਈ, ਜੇਕਰ ਉਹ ਗੱਲਾਂ ਸੱਚੀਆਂ ਨਹੀਂ ਹੈ ਜਿਸ ਤਰ੍ਹਾਂ ਬਾਈਬਲ ਦੇ ਲੇਖਕਾਂ ਨੇ ਇਹਨਾਂ ਨੂੰ ਪ੍ਰਗਟ ਕੀਤਾ ਹੈ, ਜੇਕਰ ਮਸੀਹ ਅਸਲ ਵਿੱਚ ਨਾਂ ਜੀਉਂਦਾ**

> **ਤਾਂ ਫਿਰ ਸਾਡੀ ਨਿਹਚਾ ਦਾ ਆਧਾਰ ਕਮਜ਼ੋਰ ਹੈ। ਜੇਕਰ ਇਹ ਘਟਨਾਵਾਂ ਉਸੇ ਤਰੀਕੇ ਨਾਲ ਨਹੀਂ ਜਿਸ ਤਰ੍ਹਾਂ ਇਹ ਹੋਈਆਂ ਹਨ, ਫਿਰ ਬਾਈਬਲ ਵੀ ਭਰੋਸੇਯੋਗ ਨਹੀਂ ਹੈ। ਅਤੇ ਜੇਕਰ ਬਾਈਬਲ ਭਰੋਸੇਯੋਗ ਨਹੀਂ ਹੈ ਫਿਰ ਸਾਡੇ ਕੋਲ ਸਹੀ ਤਸਵੀਰ ਨਹੀਂ ਹੈ ਕਿ ਇਹ ਕੀ ਹੈ ਜੋ ਪਰਮੇਸ਼ੁਰ ਆਪਣੇ ਲੋਕਾਂ ਨੂੰ ਪ੍ਰਗਟ ਕਰ ਰਿਹਾ ਹੈ। ਇਸ ਲਈ, ਅਲੌਕਿਕ ਘਟਨਾਵਾਂ ਉਸ ਪ੍ਰਕਾਸ਼ ਦੀ ਭਰੋਸੇਯੋਗਤਾ ਦਾ ਇੱਕ ਮੁੱਖ ਹਿੱਸਾ ਹਨ ਜੋ ਸਾਨੂੰ ਪਰਮੇਸ਼ੁਰ ਤੋਂ ਪ੍ਰਾਪਤ ਹੋਇਆ ਹੈ।**
>
> **— ਡਾ ਜਿਮ ਜੌਰਡਨ**

ਸ਼ਾਇਦ ਪੁਰਾਣੇ ਨੇਮ ਦੀ ਇਤਿਹਾਸਿਕ ਸਚਿਆਈ ਦਾ ਸਭ ਤੋਂ ਵੱਡਾ ਇਤਰਾਜ਼ ਆਧੁਨਿਕ ਵਿਗਿਆਨਕ ਖੋਜਾਂ ਤੋਂ ਆਉਂਦਾ ਹੈ। ਬਹੁਤ ਸਤਿਕਾਰਤ ਪੁਰਾਤੱਤਵ-ਵਿਗਿਆਨੀਆਂ ਅਤੇ ਹੋਰ ਵਿਗਿਆਨੀਆਂ ਨੇ ਸਬੂਤਾਂ ਵੱਲ ਇਸ਼ਾਰਾ ਕੀਤਾ ਹੈ ਕਿ ਉਹ ਮੰਨਦੇ ਹਨ ਪੁਰਾਣੇ ਨੇਮ ਦੀ ਭਰੋਸੇਯੋਗਤਾ ਗ਼ਲਤ ਹੈ। ਮਿਸਾਲ ਲਈ, ਭੂ-ਵਿਗਿਆਨੀ ਸ੍ਰਿਸ਼ਟੀ ਦੇ ਬਿਰਤਾਂਤ ਅਤੇ ਨੂਹ ਦੇ ਜ਼ਮਾਨੇ ਵਿੱਚ ਸੰਸਾਰ ਭਰ ਵਿੱਚ ਆਏ ਜਲ ਪਰਲੋ ਬਾਰੇ ਸਵਾਲ ਉਠਾਉਂਦੇ ਹਨ। ਪੁਰਾਤੱਤਵ-ਵੀਗਿਆਨੀ ਕਈ ਇਤਿਹਾਸਿਕ ਘਟਨਾਵਾਂ ਦੀ ਬਾਈਬਲ ਦੀ ਪੇਸ਼ਕਾਰੀ ਦੇ ਵਿਰੁੱਧ ਸਬੂਤ ਪੇਸ਼ ਕਰਦੇ ਹਨ।

ਸਾਨੂੰ ਸਾਰਿਆਂ ਨੂੰ ਇਹ ਗੱਲ ਮੰਨਣੀ ਪਵੇਗੀ ਕੀ ਕਈ ਵਾਰ ਪੁਰਾਣੇ ਨੇਮ ਦੇ ਇਤਾਹਸਿਕ ਦਾਅਵੇ ਅਤੇ ਵਿਗਿਆਨਿਕ ਖੋਜ ਨਾਲ ਮੇਲ ਕਰਨਾ ਮੁਸ਼ਕਿਲ ਹੁੰਦਾ ਹੈ। ਪਰ ਇਹ ਜਾਨਣਾ ਜ਼ਰੂਰੀ ਹੈ ਕਿ ਇਹ ਇਸ ਤਰ੍ਹਾਂ ਕਿਉਂ? ਪੁਰਾਣੇ ਨੇਮ ਵਿੱਚ ਅਤੇ ਆਧੁਨਿਕ ਵਿਗਿਆਨ ਵੀਚ ਕਿਉਂ ਤਾਲ ਮੇਲ ਨਹੀਂ ਹੈ? ਇਸਦੇ ਘੱਟ ਤੋ ਘੱਟ ਤਿੰਨ ਕਾਰਨ ਹਨ ਕੀ ਕਿਉਂ ਪੁਰਾਣੇ ਨੇਮ ਵਿਗਿਆਨ ਦੀ ਘਟਨਾਵਾਂ ਦੇ ਉੱਲਟ ਹੈ।

ਪਹਿਲਾਂ, ਵਿਗਿਆਨੀ ਕਈ ਵਾਰ ਪਵਿੱਤਰ ਸ਼ਾਸਤਰਾਂ ਦੇ ਵਿਰੁੱਧ ਆਪਣੇ ਦਾਅਵਿਆਂ ਦਾ ਸਮਰਥਨ ਕਰਨ ਵਾਲੇ ਸਬੂਤਾਂ ਨੂੰ ਗ਼ਲਤ ਸਮਝਦੇ ਹਨ। ਜਿੰਨਾ ਸਾਨੂੰ ਪੁਰਾਤੱਤਵ ਅਤੇ ਹੋਰ ਵਿਗਿਆਨ ਦੀ ਕਦਰ ਕਰਨੀ ਚਾਹੀਦੀ ਹੈ, ਵਿਗਿਆਨੀ ਗ਼ਲਤੀਆਂ ਕਰਦੇ ਹਨ। ਉਹਨਾਂ ਦੇ ਸਿੱਟੇ ਹਮੇਸ਼ਾ ਅਗਲੀ ਖੋਜ ਦੁਆਰਾ ਸੁਧਾਰ ਦੇ ਅਧੀਨ ਹੁੰਦੇ ਹਨ। ਉਦਾਹਰਣ ਲਈ, ਅਤੀਤ ਵਿੱਚ ਬਹੁਤ ਸਾਰੇ ਵਿਦਵਾਨਾਂ ਨੇ ਜ਼ੋਰ ਦੇ ਕੇ ਆਖਿਆ ਕਿ ਪੁਰਾਣਾ ਨੇਮ ਗ਼ਲਤ ਸੀ ਜਦੋਂ ਇਹ ਹਿੱਤੀ ਲੋਕਾਂ ਦਾ ਹਵਾਲਾ ਦਿੰਦਾ ਸੀ ਕਿਉਂਕਿ ਹਿੱਤੀਆਂ ਦੇ ਕੋਈ ਹੋਰ-ਬਾਈਬਲ ਤੋਂ ਇਲਾਵਾ ਹੋਰ ਕਿਤੇ ਜਿਕਰ ਨਹੀਂ ਸਨ। ਪਰ ਪਿੱਛਲੀ ਸਦੀ ਵਿੱਚ ਪੁਰਾਤੱਤਵ-ਵਿਗਿਆਨੀਆਂ ਨੇ ਹਿੱਤੀ ਸੱਭਿਆਚਾਰ ਦੀ ਖੋਜ ਕੀਤੀ। ਅਸਲ ਵਿੱਚ, ਹਿੱਤੀਆਂ ਦੀਆਂ ਲਿਖਤਾਂ ਨੇ ਪੁਰਾਣੇ ਨੇਮ ਦੇ ਅਧਿਐਨਾਂ ਵਿੱਚ ਬਹੁਤ ਫਲਦਾਇਕ ਸਮਝ ਪ੍ਰਦਾਨ ਕੀਤੀ ਹੈ। ਬਿਲਕੁੱਲ ਇਸੇ ਤਰ੍ਹਾਂ, ਇੱਕ ਸਦੀ ਪਹਿਲਾਂ ਇਹ ਇੱਕ ਸੁਲਝੇ ਹੋਏ ਵਿਦਵਾਨ ਦੀ ਰਾਏ ਸੀ ਕਿ ਕੂਚ ਅਤੇ ਜਿੱਤ ਲਈ ਪੁਰਾਣੇ ਨੇਮ ਦੀ ਤਾਰੀਖ਼ ਬਹੁਤ ਜਲਦੀ ਸੀ। ਹਾਲ ਹੀ ਦੇ ਦਹਾਕਿਆਂ ਵਿੱਚ, ਹਾਲਾਂਕਿ, ਪੁਰਾਤੱਤਵ-ਵਿਗਿਆਨਿਕ ਦਾ ਦੁਬਾਰਾ ਮੁਲਾਂਕਣ ਕੀਤਾ ਗਿਆ ਹੈ, ਅਤੇ ਬਾਈਬਲ ਦੇ ਅਭਿਲੇਖ ਦੇ ਪੱਖ ਵਿੱਚ, ਅਵਿਸ਼ਵਾਸੀਆਂ ਦੁਆਰਾ ਵੀ, ਮਜ਼ਬੂਤ ਦਲੀਲਾਂ ਪੇਸ਼ ਕੀਤੀਆਂ ਗਈਆਂ ਹਨ। ਇਹ ਅਤੇ ਹੋਰ ਅਣਗਿਣਤ ਉਦਾਹਰਣਾਂ ਸਾਨੂੰ ਇਸ ਤੱਥ ਵੱਲ ਸੁਚੇਤ ਕਰਦੀਆਂ ਹਨ ਕਿ ਜਦੋਂ ਪੁਰਾਣਾ ਨੇਮ ਵਿਗਿਆਨਿਕ ਸਬੂਤਾਂ ਨਾਲ ਮੇਲ ਨਹੀਂ ਖਾਂਦਾ, ਤਾਂ ਵਿਗਿਆਨੀ ਆਪਣੇ ਸਬੂਤਾਂ ਦੇ ਮੁਲਾਂਕਣਾਂ ਵਿੱਚ ਗ਼ਲਤ ਹੋ ਸਕਦੇ ਹਨ।

ਵਿਗਿਆਨੀ ਖੋਜ ਬਾਇਬਲ ਦੇ ਅਭਿਲੇਖ ਦੇ ਉਲਟ ਹੈ ਇਸ ਦਾ ਦੂਜਾ ਕਾਰਨ ਇਹ ਹੈ ਕੀ ਬਾਈਬਲ ਦੇ ਵਿਆਖਿਆਕਾਰ ਪੁਰਾਣੇ ਨੇਮ ਨੂੰ ਗ਼ਲਤ ਤਰੀਕੇ ਨਾਲ ਸਮਝਦੇ ਹਨ। ਇਸ ਕਿਸਮ ਦੇ ਵਿਵਾਦ ਦੀ ਉਦਾਹਰਣ 17 ਵੀਂ ਸਦੀ ਦੀ ਸ਼ੁਰੂਆਤ ਦੇ ਨੇੜੇ ਗਲੀਲੀਆਂ ਅਤੇ ਕਲੀਸਿਆ ਦੇ ਅਧਿਕਾਰੀਆਂ ਵੀਚਕਾਰ ਸੰਘਰਸ਼ ਹੈ। ਗਲੀਲੀਆਂ ਨੇ ਦਲੀਲ

ਦਿੱਤੀ ਕੀ ਧਰਤੀ ਸੂਰਜ ਦੇ ਆਲੇ ਦੁਆਲੇ ਘੁੰਮਦੀ ਹੈ; ਜਦਕਿ ਕਲੀਸਿਆ ਨੇ ਪਵਿੱਤਰ ਸ਼ਾਸਤਰ ਦੇ ਅਧਾਰ ਤੇ ਦਲੀਲ ਦਿੱਤੀ ਕੀ ਸੂਰਜ ਧਰਤੀ ਦੇ ਆਲੇ ਦੁਆਲੇ ਘੁੰਮਦਾ ਹੈ।

ਇਸ ਵਿਵਾਦ ਦਾ ਬਹੁਤਾ ਹਿੱਸਾ ਯਹੋਸ਼ੁਆ 10:13 ਦੇ ਆਲੇ ਦੁਆਲੇ ਕੇਂਦਰਿਤ ਹੈ, ਜਿੱਥੇ ਅਸੀਂ ਇਹ ਵਚਨ ਪੜ੍ਹਦੇ ਹਾਂ:

> ਤਾਂ ਸੂਰਜ ਠਹਿਰ ਗਿਆ ਅਤੇ ਚੰਦਰਮਾ ਖੜਾ ਰਿਹਾ... ਸੋ ਸੂਰਜ ਅਕਾਸ਼ ਦੇ ਵਿੱਚਕਾਰ ਖੜਾ ਰਿਹਾ ਅਤੇ ਸਾਰੀ ਕੁ ਦਿਹਾੜੀ ਡੁੱਬਣ ਦੀ ਛੇਤੀ ਨਾ ਕੀਤੀ (ਯਹੋਸ਼ੁਆ 10:13) ।

ਸਦੀਆਂ ਤੋ ਕਲੀਸਿਆ ਨੇ ਇਸ ਵਚਨ ਨੂੰ ਇਸ ਤਰ੍ਹਾਂ ਸਮਝਿਆ ਹੈ ਕੀ ਅਸਲ ਵਿੱਚ ਸੂਰਜ ਕੁਝ ਸਮੇਂ ਲਈ ਧਰਤੀ ਦੇ ਆਲੇ ਦੁਆਲੇ ਘੁੰਮਣ ਤੋਂ ਰੁੱਕ ਗਿਆ ਸੀ, ਅਤੇ ਉਹਨਾਂ ਨੇ ਸੂਰਜੀ ਵਿਵਸਥਾ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ। ਅੱਜ, ਹਾਲਾਂਕਿ, ਵਿਗਿਆਨਿਕ ਖੋਜ ਨੇ ਪੱਕੇ ਤੌਰ ਤੇ ਸਥਾਪਿਤ ਕੀਤਾ ਹੈ ਕਿ ਦਿਨ ਅਤੇ ਰਾਤ ਧਰਤੀ ਦੇ ਕਾਰਕ ਹਨ ਜੋ ਆਪਣੀ ਧੁਰੀ ਤੇ ਘੁੰਮਦੀ ਹੈ ਕਿਉਂਕਿ ਇਹ ਸੂਰਜ ਦੇ ਆਲੇ ਦੁਆਲੇ ਘੁੰਮਦੀ ਹੈ। ਨਤੀਜੇ ਵਜੋ ਬਹੁਤ ਸਾਰੇ ਆਧੁਨਿਕ ਮਸੀਹੀਆਂ ਨੇ ਯਹੋਸ਼ੁਆ 10:13 ਦੀ ਵਿਆਖਿਆਂ ਨੂੰ ਬਦਲ ਦਿੱਤਾ ਹੈ। ਅਸੀਂ ਯਕੀਨ ਕਰ ਸਕਦੇ ਹਾਂ ਕਿ ਯਹੋਸ਼ੁਆ ਲਈ ਦਿਨ ਦਾ ਚਾਨਣ ਚਮਤਕਾਰੀ ਢੰਗ ਨਾਲ ਵਧਾਇਆ ਗਿਆ ਸੀ। ਪਰ ਹੁਣ ਅਸੀਂ ਇਸ ਵਚਨ ਨੂੰ ਅਤੇ ਇਸ ਨੂੰ ਪਸੰਦ ਕਰਨ ਵਾਲੇ ਹੋਰਾਂ ਨੂੰ ਸਾਧਾਰਨ, ਅਨੋਖੀ ਭਾਸ਼ਾ ਦੇ ਤੌਰ ਤੇ ਲੈਂਦੇ ਹਾਂ, ਜਿਵੇਂ ਕਿ ਉਹ ਵਿਖਾਈ ਦਿੰਦੀਆਂ ਹਨ, ਜਿਵੇਂ ਕਿ ਅਸੀਂ ਆਧੁਨਿਕ ਸੰਸਾਰ ਵਿੱਚ ਬੋਲਦੇ ਹਾਂ "ਸੂਰਜ ਚੜ੍ਹਨ" ਅਤੇ "ਸੂਰਜ ਡੁੱਬਣ"। ਸੂਰਜੀ ਵਿਵਸਥਾ ਲਈ ਵਿਗਿਆਨਕ ਸਬੂਤਾਂ ਦੀ ਤਾਕਤ ਨੇ ਸਾਨੂੰ ਪੁਰਾਣੇ ਨੇਮ ਦੀ ਇਤਿਹਾਸਿਕ ਭਰੋਸੇਯੋਗਤਾ ਨੂੰ ਰੱਦ ਕਰਨ ਦਾ ਕਾਰਨ ਨਹੀਂ ਬਣਾਇਆ ਹੈ, ਪਰ ਇਸ ਨੇ ਪੁਰਾਣੇ ਨੇਮ ਦੇ ਇਸ ਹਿੱਸੇ ਦੀ ਸਾਡੀ ਵਿਆਖਿਆ ਨੂੰ ਠੀਕ ਕਰਨ ਵਿੱਚ ਸਾਡੀ ਮਦਦ ਕੀਤੀ ਹੈ।

ਇਸਦਾ ਤੀਜਾ ਕਾਰਨ ਹੈ ਕੀ ਕਿਉਂ ਵਿਗਿਆਨੀ ਸਬੂਤ ਅਤੇ ਪਵਿੱਤਰ ਸ਼ਾਸਤਰ ਕਈ ਵਾਰ ਆਪਸ ਵਿੱਚ ਨਹੀਂ ਮਿਲਦੇ: ਹੋ ਸਕਦਾ ਅਸੀਂ ਦੋਵਾਂ ਨੂੰ ਗਲਤ ਤਰੀਕੇ ਨਾਲ ਸਮਝਦੇ ਹਾਂ। ਵਿਗਿਆਨੀ ਅਤੇ ਬਾਈਬਲ ਦੇ ਵਿਆਖਿਆਕਾਰ ਸੰਭਾਵਿਤ ਤੌਰ ਤੇ ਗ਼ਲਤੀਆਂ ਕਰਦੇ ਹਨ। ਇਸ ਲਈ ਸਾਨੂੰ ਹਮੇਸ਼ਾ ਇਸ ਸੰਭਾਵਨਾ ਲਈ ਤਿਆਰ ਰਹਿਣਾ ਚਾਹੀਦਾ ਹੈ ਕਿ ਹੋਰ ਖੋਜ ਇਹ ਦਰਸਾਏਗੀ ਕਿ ਵਿਗਿਆਨੀ ਅਤੇ ਬਾਈਬਲ ਦੇ ਵਿਆਖਿਆਕਾਰ ਦੋਵੇਂ ਗ਼ਲਤ ਹਨ।

ਜਿਂਵੇ ਅਸੀਂ ਪੁਰਣੇ ਨੇਮ ਦੇ ਇਤਿਹਾਸਿਕ ਵਿਸ਼ਲੇਸ਼ਣ ਨੂੰ ਵੇਖਦੇ ਹਾਂ, ਸਾਨੂੰ ਹਮੇਸ਼ਾਂ ਇਹ ਧਿਆਨ ਰੱਖਣਾ ਚਾਹੀਦਾ ਹੈ ਕੀ ਕੁੱਝ ਅਸਲ ਇਤਿਹਾਸ ਅਤੇ ਪੁਰਾਣੇ ਨੇਮ ਦੇ ਲੇਖੇ ਵਿੱਚਕਾਰ ਦਾ ਸਪੱਸ਼ਟ ਅੰਤਰ ਕਦੇ ਵੀ ਹੱਲ ਨਹੀਂ ਹੋ ਸਕਦਾ। ਅਧਿਐਨ ਦਾ ਹਰ ਅਨੁਸ਼ਾਸਨ ਪੁਰਾਣੇ ਨੇਮ ਦੀ ਇਤਿਹਾਸਿਕ ਭਰੋਸੇਯੋਗਤਾ ਵਿੱਚ ਸਾਡੇ ਭਰੋਸੇ ਲਈ ਨਵੀਆਂ ਚੁਣੌਤੀਆਂ ਪੇਸ਼ ਕਰਦਾ ਹੈ, ਅਤੇ ਸਾਨੂੰ ਇਹਨਾਂ ਸਾਰੀਆਂ ਚੁਣੌਤੀਆਂ ਨੂੰ ਹੱਲ ਕਰਨ ਦੀ ਉਮੀਦ ਨਹੀਂ ਕਰਨੀ ਚਾਹੀਦੀ। ਅਸੀਂ ਅਕਸਰ ਸਮਝ ਦੀ ਇੱਕ ਡਿਗਰੀ ਹਾਸਲ ਕਰ ਸਕਦੇ ਹਾਂ, ਅਤੇ ਇੱਥੋਂ ਤੱਕ ਕਿ ਕੁੱਝ ਸੁਚੱਜੇ ਹੱਲ ਵੀ ਪੇਸ਼ ਕਰਦੇ ਹਨ, ਪਰ ਫਿਰ ਵੀ ਇਸ ਗੱਲ ਤੇ ਨਹੀਂ ਆਉਂਦੇ ਕਿ ਅਸੀਂ ਸਾਰੀਆਂ ਇਤਿਹਾਸਿਕ ਮੁਸ਼ਕਲਾਂ ਨੂੰ ਖ਼ਤਮ ਕਰ ਦੇਈਏ। ਵੀਗਿਆਨਕ ਦ੍ਰਿਸ਼ਟੀਕੋਣਾਂ ਅਤੇ ਪੁਰਾਣੇ ਨੇਮ ਦੇ ਇਤਿਹਾਸਿਕ ਅਭਿਲੇਖ ਦੇ ਵਿੱਚਕਾਰ ਕੋਈ ਵੀ ਤਣਾਅ ਪੈਦਾ ਕਿਉਂ ਨਾਂ ਹੋਵੇ, ਪਰਮੇਸ਼ੁਰ ਦੇ ਨਿਹਚਾਯੋਗ ਲੋਕਾਂ ਨੂੰ ਮਸੀਹ ਅਤੇ ਪਹਿਲੀ ਸਦੀ ਦੇ ਰਸੂਲਾਂ ਅਤੇ ਨਬੀਆਂ ਦੇ ਦੁਆਰਾ ਸਿਖਾਈ ਹੋਈ ਸਿੱਖਿਆਂ ਦੇ ਪਿੱਛੇ ਚੱਲਣਾ ਹੈ। ਪੁਰਾਣੇ ਨੇਮ ਦੀ ਈਸ਼ਵਰੀ ਪ੍ਰੇਰਨਾ ਇਸਦੀ ਇਤਿਹਾਸਿਕ ਸਚਿਆਈ ਨੂੰ ਸਥਾਪਿਤ ਕਰਦੀ ਹੈ। ਅਤੇ ਇਸ ਕਾਰਨ, ਅਸੀਂ ਇਤਿਹਾਸ ਦੀ ਇੱਕ ਬਾਰੀ ਵਜੋਂ ਪੁਰਾਣੇ ਨੇਮ ਤੱਕ ਪਹੁੰਚ ਕਰਨ ਲਈ ਸਹੀ ਹਾਂ।

ਹੁਣ ਅਸੀਂ ਵੇਖਿਆਂ ਹੈ ਕੀ ਪਵਿੱਤਰ ਸ਼ਾਸਤਰ ਦਾ ਪਾਤਰ ਕਿਸ ਤਰ੍ਹਾਂ ਇਤਹਾਸਿਕ ਵਿਸ਼ਲੇਸ਼ਣ ਨਾਲ ਸਹਿਮਤ

ਹੈ, ਸਾਨੂੰ ਪੁਰਾਣੇ ਨੇਮ ਦੇ ਇਸ ਪਹੁੰਚ ਲਈ ਦੂਜਾ ਆਧਾਰ ਠਹਿਰਾਉਣਾ ਚਾਹੀਦਾ ਹੈ: ਬਾਈਬਲ ਦੀਆਂ ਉਦਾਹਰਣਾਂ।

## ਬਾਈਬਲ ਦੀਆਂ ਉਦਾਹਰਣਾਂ

ਪਵਿੱਤਰ ਸ਼ਾਸਤਰ ਬਾਈਬਲ ਦੇ ਲੇਖਕ ਦੀਆਂ ਬਹੁਤ ਸਾਰੀ ਉਦਾਹਰਣਾਂ ਦਿੰਦੇ ਹਨ ਅਤੇ ਅਧਿਕਾਰਿਤ ਬਾਈਬਲ ਦੇ ਪਾਤਰ ਜਿਹੜੇ ਪੁਰਾਣੇ ਨੇਮ ਦੇ ਇਤਿਹਾਸਿਕ ਵੰਡ ਦੀ ਪੁਸ਼ਟੀ ਕਰਦੇ ਹਨ। ਇਸ ਸਾਰੇ ਪਵਿੱਤਰ ਸ਼ਾਸਤਰ ਵਿੱਚ ਇਕ ਵੀ ਅਜੀਹੀ ਉਦਾਹਰਣ ਨਹੀਂ ਹੈ ਜਿਸ ਵਿੱਚ ਬਾਈਬਲ ਦੇ ਲੇਖਕ ਪੁਰਾਣੇ ਨੇਮ ਦੀ ਇਤਿਹਾਸਿਕ ਭਰੋਸੇਯੋਗਤਾ ਤੇ ਸਵਾਲ ਕਰਦੇ ਹਨ। ਉਦਾਹਰਨ ਲਈ, 1 ਇਤਿਹਾਸ 1:1-4 ਵਿੱਚ, ਇਤਿਹਾਸ ਦੇ ਲੇਖਕ ਨੇ ਆਪਣੀ ਵੰਸ਼ਾਵਲੀ ਵਿੱਚ ਪੁਰਾਣੇ ਨੇਮ ਦੀ ਇਤਿਹਾਸਿਕਤਾ ਤੇ ਭਰੋਸਾ ਕਰਨ ਦੇ ਤਰੀਕੇ ਤੇ ਗੌਰ ਕੀਤੀ। ਉਹ ਆਪਣੀ ਵੰਸ਼ਾਵਲੀ ਇਸ ਤਰੀਕੇ ਨਾਲ ਸ਼ੁਰੂ ਕਰਦਾ ਹੈ:

> ਆਦਮ, ਸੇਥ, ਅਨੋਸ਼, ਕੇਨਾਨ, ਮਹਲਲੇਲ, ਯਰਦ, ਹਨੋਕ, ਮਥੂਸ਼ਲਹ, ਲਾਮਕ ਨੂਹ, ਸੇਮ, ਹਾਮ, ਯਾਫਾਥ (1 ਇਤਿਹਾਸ 1:1-4)

ਆਧੁਨਿਕ ਮਸੀਹੀਆਂ ਲਈ ਇਤਿਹਾਸ ਦੇ ਲੇਖਕਾਂ ਨੇ ਕੁੱਝ ਕਮਾਲ ਦਾ ਕਿੱਤਾ। ਉਸਨੇ ਉਤਪਤ ਦੇ ਪਹਿਲੇ ਪੰਜ ਪਾਠਾਂ ਨੂੰ ਉਤਪਤ ਦੇ ਸ਼ੁਰੂਆਤੀ ਪਾਠਾਂ ਵਿੱਚੋਂ ਤੇਰ੍ਹਾਂ ਬੰਦਿਆਂ ਦਾ ਜ਼ਿਕਰ ਕਰਕੇ ਇਤਿਹਾਸਿਕ ਤੌਰ ਤੇ ਭਰੋਸੇਯੋਗ ਮੰਨਿਆ। ਜ਼ਿਆਦਾਤਰ ਆਧੁਨਿਕ ਲੋਕ ਇਨ੍ਹਾਂ ਪਾਠਾਂ ਨੂੰ ਪੁਰਾਤਨ ਜਾਂ ਕਾਲਪਨਿਕ ਮੰਨਦੇ ਹਨ। ਪਰ ਇਤਾਹਸਕਾਰ ਨੇ ਇਤਿਹਾਸਿਕ ਭਰੋਸੇਯੋਗਤਾ ਵਿੱਚ ਆਪਣਾ ਪੂਰਾ ਭਰੋਸਾ ਵਿਖਾਇਆ, ਇੱਥੋਂ ਤੱਕ ਕਿ ਉਤਪਤ ਦੇ ਸ਼ੁਰੂਆਤੀ ਪਾਠਾਂ ਵਿੱਚ ਵੀ। ਉਸਨੇ ਉਤਪਤ ਦੀ ਵਰਤੋਂ ਕੀਤੀ- ਜਿਵੇਂ ਕਿ ਉਸਨੇ ਪੁਰਾਣੇ ਨੇਮ ਦੀਆਂ ਕਈ ਹੋਰ ਕਿਤਾਬਾਂ ਤੇ ਭਰੋਸਾ ਕੀਤਾ- ਇਤਿਹਾਸ ਲਈ ਇੱਕ ਅਧਿਕਾਰਤ ਬਾਰੀ ਵਜੋਂ।

ਇਸੇ ਤਰ੍ਹਾਂ ਲੂਕਾਂ ਨੇ, ਰਸੂਲਾਂ ਦੇ ਕਰਤੱਬ 7 ਵੀਚ ਇਸਤੀਫਾਨ ਦੇ ਭਾਸ਼ਣ ਤੇ ਗੌਰ ਕੀਤੀ। ਪੁਰਾਣੇ ਨੇਮ ਦੇ ਅਲੱਗ ਅਲੱਗ ਅੰਸ਼ਾਂ ਦਾ ਇਸਤੇਮਾਲ ਕਰ ਕੇ, ਇਸਤੀਫਾਨ ਨੇ ਇਕ ਇਤਿਹਾਸਿਕ ਪਾਤਰ ਵਜੋ ਅਬਰਾਹਮ ਬਾਰੇ, ਇਸਹਾਕ ਬਾਰੇ, ਯਾਕੂਬ ਬਾਰੇ, ਯੂਸਫ ਬਾਰੇ, ਮੂਸਾ ਬਾਰੇ, ਹਾਰੂਨ ਬਾਰੇ, ਯਹੋਸ਼ੁਆ ਬਾਰੇ ਦਾਊਦ ਬਾਰੇ ਅਤੇ ਸੁਲੇਮਾਨ ਬਾਰੇ ਗੱਲ ਕੀਤੀ। ਉਹ ਪੁਸ਼ਟੀ ਕਰਦਾ ਹੈ ਕੀ ਪੁਰਾਣੇ ਨੇਮ ਵਿੱਚ ਉਹਨਾਂ ਦੀਆਂ ਕਹਾਣੀ ਸੱਚੀਆਂ ਹਨ। ਜਿਥੋ ਤੱਕ ਇਸਤੀਫਾਨ ਦੀ ਗੱਲ ਕਰੀਏ, ਪੁਰਾਣੇ ਨੇਮ ਵਿੱਚ ਜਿਸ ਇਤਿਹਾਸ ਦਾ ਜ਼ਿਕਰ ਹੈ ਸੱਚਾ ਹੈ। ਅਤੇ ਉਸ ਇਤਿਹਾਸਿਕ ਅਭਿਲੇਖ ਨੇ ਉਸਦੇ ਪਵਿੱਤਰ ਸ਼ਾਸਤਰ ਲਈ ਇੱਕ ਅਧਾਰ ਵਜੋਂ ਕੰਮ ਕੀਤਾ ਕਿਉਂਕਿ ਉਸਨੇ ਆਪਣੇ ਸਾਥੀ ਯਹੂਦੀਆਂ ਨੂੰ ਮਸੀਹ ਵਿੱਚ ਤੋਬਾ ਕਰਨ ਅਤੇ ਨਿਹਚਾ ਕਰਨ ਲਈ ਬੁਲਾਇਆ ਸੀ।

> **ਬਾਈਬਲ ਦੇ ਲੇਖਕ ਇਤਿਹਾਸ ਵਿੱਚ ਪਰਮੇਸ਼ੁਰ ਦੇ ਕੰਮਾਂ ਨੂੰ ਮੰਨਦੇ ਸਨ, ਅਤੇ ਇਸ ਲਈ ਪੁਰਾਣੇ ਨੇਮ ਦੇ ਪਹਿਲੇ ਵਰਕਿਆਂ ਤੋ ਬਿਵਸਥਾਸਾਰ 26 ਉਂਦਾਹਰਣ ਵਜੋ ਅਸੀਂ ਵੇਖਦੇ ਹਾਂ ਕੀ ਇਸਰਾਏਲ ਦੀ ਉਪਾਸਨਾ ਪਰਮੇਸ਼ੁਰ ਦੇ ਕੰਮਾਂ ਤੋਂ ਜੜ੍ਹ ਫੜਦੀਆਂ ਹਨ। ਸਾਨੂੰ ਆਖਿਆ ਗਿਆ ਹੈ ਕੀ ਇਸਰਾਏਲੀਆਂ ਨੇ ਆਪਣੇ ਚੜ੍ਹਾਵੇ ਉਪਾਸਨਾ ਲਈ ਲਿਆਉਣੇ ਹਨ ਅਤੇ ਇਹ ਆਖਣਾ ਹੈ**

> ਕੀ ਮੇਰਾ ਪਿਤਾ (ਅਬਰਾਹਮ) ਭਟਕਣ ਵਾਲਾ ਅਰਾਮੀ ਸੀ।" ਅਤੇ ਇਸ ਲਈ ਪਰਮੇਸ਼ੁਰ ਦੇ ਲੋਕਾਂ ਦੀ ਉਪਾਸਨਾ ਦਾ ਹਿੱਸਾ ਹਮੇਸ਼ਾਂ ਇਤਿਹਾਸਿਕ ਅਭਿਆਸ ਹੈ, ਦੁਬਾਰਾ ਕੰਮ ਕਰਨ ਲਈ, ਯਾਦ ਰਖਣ ਲਈ ਕੀ ਪਰਮੇਸ਼ੁਰ ਨੇ ਇਤਿਹਾਸ ਵਿੱਚ ਕੀ ਕੀਤਾ ਹੈ ਅਸੀਂ ਇਸਨੂੰ ਪੌਲੁਸ ਦੇ ਨਾਲ ਵੀ ਵੇਖ ਸਕਦੇ ਹਾਂ। ਜੱਦ ਉਹ ਅੰਤਾਕਿਆ ਦੇ ਪਿਸਦੀਆਂ ਵਿੱਚ ਪ੍ਰਚਾਰ ਕਰ ਰਿਹਾ ਸੀ ਉਹ ਲੋਕਾਂ ਦੇ ਵਿੱਚਕਾਰ ਪਰਮੇਸ਼ੁਰ ਦੇ ਕੰਮਾ ਦਾ ਜ਼ਿਕਰ ਕਰ ਰਿਹਾ ਸੀ। ਉਹ ਕੂਚ ਤੋ ਸ਼ੁਰੂ ਕਰਦਾ ਹੈ, ਨਿਆਈਆਂ ਦੇ ਸਮੇਂ ਤੇ ਆਉਂਦਾ ਹੈ, ਅਤੇ ਉਹ ਆਖਦਾ ਹੈ ਕੀ ਪਰਮੇਸ਼ੁਰ ਨੇ ਆਗੂਆਂ ਨੂੰ ਖੜ੍ਹਾ ਕੀਤਾ ਹੈ, ਅਤੇ ਉਹ ਉਸ ਵਿਸ਼ੇ ਨੂੰ ਇਸਤੇਮਾਲ ਕਰਦਾ ਹੈ: ਪਰਮੇਸ਼ੁਰ ਨੇ ਆਪਣੇ ਸਮਰੱਥੀ ਹੱਥਾ ਨਾਲ ਦਾਊਦ ਨੂੰ ਖੜ੍ਹਾ ਕੀਤਾ, ਅਤੇ ਉਸਨੂੰ ਮੁਰਦਿਆਂ ਵਿੱਚੋ ਜੀਉਂਦਾ ਕੀਤਾ। ਇਸ ਲਈ ਪਰਮੇਸ਼ੁਰ ਦੇ ਕੰਮ ਇਤਿਹਾਸ ਵਿੱਚ ਅਤੇ ਇਸਦੇ ਲਈ ਲੇਖਾ ਕਰਨ ਲਈ ਪਵਿੱਤਰ ਸ਼ਾਸਤਰਾਂ ਦੀ ਵਰਤੋਂ ਕਰਨਾ ਅਤੇ ਇਸਦੇ ਲਈ ਉਹਨਾਂ ਦੇ ਖਾਤੇ ਤੇ ਨਿਰਭਰ ਕਰਨਾ ਉਹ ਚੀਜ਼ ਹੈ ਜੋ ਹਰ ਬਾਈਬਲ ਦਾ ਲੇਖਕ ਕਰਦਾ ਹੈ।
>
> — ਡਾ. ਗ੍ਰੈਗਰੀ ਆਰ. ਪੈਰੀ

ਹੁਣ ਅਸੀਂ ਵੇਖਿਆਂ ਹੈ ਕਿ ਪੁਰਾਣੇ ਨੇਮ ਦੇ ਕੈਨਨ ਨੂੰ ਇਤਿਹਾਸ ਲਈ ਬਾਰੀ ਦੇ ਸਮਾਨ ਵੇਖਣ ਲਈ ਇਹ ਅਧਾਰ ਹੈ, ਸਾਨੂੰ ਦੂਜੇ ਮੁੱਦੇ ਵੱਲ ਆਪਣਾ ਧਿਆਨ ਮੋੜਨਾ ਚਾਹੀਦਾ ਹੈ: ਇਸ ਵਿਆਖਿਆਤਮਕ ਰਣਨੀਤੀ ਦਾ ਕੇਂਦਰ ਕੀ ਹੈ? ਪੁਰਾਣੇ ਨੇਮ ਦੀਆਂ ਕਿਤਾਬਾਂ ਦੇ ਇਤਿਹਾਸਿਕ ਵਿਸ਼ਲੇਸ਼ਣ ਦੇ ਟੀਚੇ ਕੀ ਹਨ?

## ਕੇਂਦਰ

ਆਮ ਸ਼ਬਦਾਂ ਵਿੱਚ, ਪੁਰਾਣੇ ਨੇਮ ਨੂੰ ਇਤਿਹਾਸ ਦੀ ਇੱਕ ਖਿੜਕੀ ਵਜੋਂ ਸੰਭਾਲਣ ਦਾ ਉਹੀ ਟੀਚਾ ਹੈ ਜੋ ਪਵਿੱਤਰ ਸ਼ਾਸਤਰਾਂ ਲਈ ਹੋਰ ਪਹੁੰਚਾਂ ਵਾਂਗ ਹੈ। ਭਰੋਸੇਮੰਦ ਆਪਣੇ ਅਲੋਕਿਕ ਰਾਜਾਂ ਦੀ ਇੱਛਾ ਨੂੰ ਲੱਭਦੇ ਹਨ। ਪਰ ਇਤਿਹਾਸਿਕ ਵਿਸ਼ਲੇਸ਼ਣ ਵਿੱਚ ਇਹ ਖੋਜਣ ਦਾ ਇੱਕ ਖਾਸ ਤਰੀਕਾ ਹੈ ਕਿ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਕੀ ਸੰਚਾਰ ਕੀਤਾ ਹੈ। ਪੁਰਾਣੇ ਨੇਮ ਦੇ ਇਤਹਾਸਿਕ ਵਿਸ਼ਲੇਸ਼ਣ ਦਾ ਮੁੱਖ ਅਧਾਰ ਹੈ ਇਤਿਹਾਸਿਕ ਪੁਨਰ ਨਿਰਮਾਣ- ਸਧਾਰਣ ਤੋਰ ਤੇ ਪੁਰਾਣੇ ਨੇਮ ਦਾ ਇਸਤੇਮਾਲ ਕਰਨਾ ਹੋਰ ਸਬੂਤਾਂ ਦੇ ਨਾਲ ਇਹ ਪ੍ਰਗਟ ਕਰਨ ਲਈ ਕੀ ਅਤਿਤ ਵਿੱਚ ਅਸਲ ਵਿੱਚ ਕੀ ਹੋਇਆ ਸੀ। ਪਰ ਇਤਿਹਾਸਿਕ ਵਿਸ਼ਲੇਸ਼ਣ ਨੇ ਵੀ ਇੱਕ ਵੀਲੱਖਣ ਧਰਮ ਸ਼ਾਸਤਰੀ ਰੂਪ ਲਿਆ ਹੈ। ਪੁਰਾਣੇ ਨੇਮ ਨੂੰ ਅਤੀਤ ਵਿੱਚ ਪਰਮੇਸ਼ੁਰ ਦੇ ਕੰਮਾਂ ਅਤੇ ਸ਼ਬਦਾਂ ਨੂੰ ਖੋਜਣ ਲਈ ਅਤੇ ਫਿਰ ਪਰਮੇਸ਼ੁਰ ਦੇ ਲੋਕਾਂ ਦੇ ਜੀਵਨ ਵਿੱਚ ਉਹਨਾਂ ਦੇ ਧਰਮ ਸ਼ਾਸਤਰੀ ਮਹੱਤਵ ਨੂੰ ਲਾਗੂ ਕਰਨ ਲਈ ਇਤਿਹਾਸ ਦੀ ਇੱਕ ਬਾਰੀ ਵਜੋਂ ਵਰਤਿਆ ਗਿਆ ਹੈ।

ਆਖ਼ਰੀ ਸਦੀ ਵਿੱਚ, ਧਰਮ ਸ਼ਾਸਤਰੀ ਇਤਿਹਾਸਿਕ ਵਿਸ਼ਲੇਸ਼ਣ ਦਾ ਇੱਕ ਪ੍ਰਸਿੱਧ ਰੂਪ "ਬਾਈਬਲ ਨੂੰ ਧਰਮ ਸ਼ਾਸਤਰ" ਵਜੋਂ ਜਾਣਿਆ ਜਾਂਦਾ ਹੈ। ਸ਼ਬਦ "ਬਾਈਬਲ ਦੀ ਥੀਓਲੋਜੀ" ਸ਼ਾਸਤਰਾਂ ਲਈ ਕਈ ਵੱਖੋ-ਵੱਖਰੇ ਹਵਾਲੇ ਦੇ ਸਕਦਾ ਹੈ, ਪਰ ਅਸੀਂ ਬਾਈਬਲ ਦੇ ਧਰਮ ਸ਼ਾਸਤਰ ਦੇ ਇੱਕ ਰੂਪ ਨੂੰ ਉਜਾਗਰ ਕਰਾਂਗੇ ਜੋ ਮਸੀਹੀ ਪ੍ਰਚਾਰਕਾ ਵਿੱਚ

ਵੀਆਪਕ ਹੈ।

ਬਾਈਬਲ ਦੇ ਧਰਮ ਸ਼ਾਸਤਰ ਦਾ ਇਹ ਪ੍ਰਮੁੱਖ ਰੂਪ ਆਮ ਤੌਰ ਤੇ ਦੋ ਮੁੱਖ ਪੜਾਵਾਂ ਤੇ ਕੇਂਦ੍ਰਤ ਕਰਦਾ ਹੈ: ਪਹਿਲਾ, ਬਾਈਬਲ ਦੇ ਧਰਮ ਸ਼ਾਸਤਰੀ ਉਸ ਨੂੰ ਬਣਾਉਂਦੇ ਹਨ ਜਿਸ ਨੂੰ ਅਸੀਂ ਇਤਿਹਾਸਿਕ ਸਮੇਂ ਦਾ " ਸਮਕਾਲੀ ਸਨੈਪਸਾਟ" ਆਖ ਸਕਦੇ ਹਾਂ, ਅਤੇ ਦੂਜਾ, ਉਹ ਖੋਜ ਕਰਦੇ ਹਨ ਜਿਸ ਨੂੰ ਅਸੀਂ ਪੁਰਾਣੇ ਨੇਮ ਦੇ ਇਤਿਹਾਸ ਦੁਆਰਾ "ਡਾਇਕ੍ਰੋਨਿਕ ਟਰੇਸ" ਆਖ ਸਕਦੇ ਹਾਂ। ਇਹ ਦੋਵੇਂ ਕਦਮ ਅਣਗਿਣਤ ਤਰੀਕਿਆਂ ਨਾਲ ਆਪਸ ਵਿੱਚ ਜੁੜੇ ਹੋਏ ਹਨ। ਪਰ ਸਾਡੇ ਉਦੇਸ਼ਾਂ ਲਈ ਅਸੀਂ ਉਹਨਾਂ ਵਿੱਚੋਂ ਹਰੇਕ ਨੂੰ ਵੱਖਰੇ ਤੌਰ ਤੇ ਵੇਖਾਂਗੇ, ਇੱਕ ਸਮਕਾਲੀ ਸਨੈਪਸਾਟ ਬਣਾਉਣ ਤੋਂ ਸ਼ੁਰੂ ਕਰਦੇ ਹੋਏ।

## ਸਮਕਾਲੀ ਦ੍ਰਿਸ਼

"ਸਮਕਾਲੀ" ਸ਼ਬਦ ਇੱਕ ਨਿਰਧਾਰਤ ਸਮੇਂ ਦੇ ਅੰਦਰ ਵਾਪਰ ਰਹੀਆਂ ਘਟਨਾਵਾਂ ਨੂੰ ਦਰਸਾਉਂਦਾ ਹੈ। ਬਾਈਬਲ ਦੇ ਧਰਮ-ਵਿਗਿਆਨੀ ਬਾਈਬਲ ਦੇ ਇਤਿਹਾਸ ਦੀ ਮਿਆਦ ਤੇ ਧਿਆਨ ਕੇਂਦ੍ਰਤ ਕਰਕੇ ਅਤੇ ਫਿਰ ਉਸ ਸਮੇਂ ਦੌਰਾਨ ਹੋਏ ਪਰਮੇਸ਼ੁਰ ਦੇ ਕੰਮਾਂ ਅਤੇ ਸ਼ਬਦਾਂ ਦੇ ਗੁੰਝਲਦਾਰ ਸੰਪਰਕ ਦੇ ਸਾਰ ਦੇ ਕੇ ਸਮਕਾਲੀ ਦ੍ਰਿਸ਼ ਬਣਾਉਂਦੇ ਹਨ। ਇਹ ਸੰਖੇਪ ਬਾਈਬਲ ਦੇ ਇਤਿਹਾਸ ਵਿੱਚ ਸਮੇਂ ਦੇ ਹਿੱਸਿਆਂ ਨੂੰ ਸਮਕਾਲੀ ਇਕਾਈਆਂ ਜਾਂ ਸਮੇਂ ਦੇ ਟੁਕੜਿਆਂ ਵਜੋਂ ਮੰਨਦੇ ਹਨ।

ਹੁਣ ਅਸੀਂ ਯਾਦ ਰਖਣਾ ਹੈ ਕੀ ਪੁਰਾਣੇ ਨੇਮ ਦਾ ਇਤਿਹਾਸ ਨਦੀ ਦੇ ਸਮਾਨ ਵੱਗਦਾ ਹੈ। ਇਸਦਾ ਇੱਤਹਾਸ ਵੱਖ ਵੱਖ ਟੁਕੜਿਆਂ ਵਿੱਚ ਨਹੀ ਵੰਡਿਆ ਹੋਇਆ। ਇਸ ਲਈ, ਪੁਰਾਣੇ ਨੇਮ ਦੇ ਇਤਿਹਾਸ ਦੇ ਸਮਕਾਲੀ ਦ੍ਰਿਸ਼ ਬਣਾਉਣਾ ਹਮੇਸ਼ਾ ਕੁੱਝ ਨਕਲੀ ਹੁੰਦਾ ਹੈ, ਜਿਵੇਂ ਕਿ ਵਗਦੀ ਨਦੀ ਨੂੰ ਵੱਖਰੇ ਹਿੱਸਿਆਂ ਵਿੱਚ ਵੰਡਣਾ ਨਕਲੀ ਹੈ। ਫਿਰ ਵੀ ਇਹ ਲਾਭਦਾਇਕ ਹੋਵੇਗਾ ਨੱਦੀ ਵੱਖ ਵੱਖ ਹਿਸਿਆਂ ਬਾਰੇ ਗੱਲ ਕਰਨਾ, ਅਤੇ ਇਸੇ ਤਰ੍ਹਾਂ ਹੀ ਇਹ ਲਾਭਦਾਇਕ ਹੋਵੇਗਾ। ਪੁਰਾਣੇ ਨੇਮ ਦੇ ਇਤਿਹਾਸ ਨੂੰ ਵੱਖ ਵਖ ਸਮੇਂ ਅਨੁਸਾਰ ਵੰਡਣਾ ਅਤੇ ਇਸਨੂੰ ਸੰਖੇਪਿਤ ਕਰਨਾ ਕੀ ਪਰਮੇਸ਼ੁਰ ਨੇ ਕੀ ਕੀਤਾ ਅਤੇ ਇਹਨਾਂ ਸਮਿਆਂ ਵਿੱਚ ਕੀ ਆਖਿਆ। ਅਸੀਂ ਇਸ ਨੂੰ ਅਲੱਗ ਅਲੱਗ ਤਰੀਕਿਆਂ ਨਾਲ ਕਰ ਸਕਦੇ ਹਾਂ।

ਤੁਹਾਨੂੰ ਯਾਦ ਹੋਵੇਗਾ ਕਿ ਪਰਮੇਸ਼ੁਰ ਦੇ ਰਾਜ ਬਾਰੇ ਸਾਡੇ ਪਹਿਲੇ ਪਾਠ ਵਿੱਚ, ਅਸੀਂ ਪੁਰਾਣੇ ਇਤਿਹਾਸ, ਇਸਰਾਏਲ ਕੌਮ ਦੇ ਇਤਿਹਾਸ ਅਤੇ ਭਵਿੱਖ ਦੇ ਨਵੇਂ ਨੇਮ ਦੇ ਇਤਿਹਾਸ ਦੇ ਪ੍ਰਸੰਗ ਵਿੱਚ ਗੱਲ ਕੀਤੀ ਸੀ। ਇਨ੍ਹਾਂ ਵਿੱਚੋਂ ਹਰ ਇੱਕ ਸਮੇਂ ਦੌਰਾਨ ਪਰਮੇਸ਼ੁਰ ਨੇ ਕੀ ਆਖਿਆ ਅਤੇ ਕੀ ਕੀਤਾ ਇਸ ਨੂੰ ਧਿਆਨ ਵਿੱਚ ਰੱਖਣ ਨਾਲ ਸਾਨੂੰ ਪਰਮੇਸ਼ੁਰ ਦੇ ਰਾਜ ਬਾਰੇ ਕਈ ਗੱਲਾਂ ਸਮਝਣ ਵਿੱਚ ਮਦਦ ਮਿਲੀ।

ਪਰ ਤੁਹਾਨੂੰ ਇਹ ਵੀ ਯਾਦ ਹੋਵੇਗਾ ਕੀ ਸਾਡੇ ਪਾਠ ਅਲੋਕਿਕ ਨੇਮ ਵੀਚ, ਅਸੀਂ ਬਾਈਬਲ ਦੇ ਇਤਿਹਾਸ ਨੂੰ ਨੇਮ ਦੇ ਸਮੇਂ ਵਿੱਚ ਵੰਡਿਆ ਸੀ। ਅਸੀਂ ਪਰਮੇਸ਼ੁਰ ਦੇ ਵੀਸ਼ਵਵੀਆਪੀ ਨੇਮ ਬਾਰੇ ਗੱਲ ਕਿਤੀ ਸੀ, ਪਰਮੇਸ਼ੁਰ ਦੇ ਰਾਸ਼ਟਰੀ ਨੇਮ ਇਸਰਾਏਲ ਨਾਲ, ਅਤੇ ਪਰਮੇਸ਼ੁਰ ਦੇ ਭਵਿੱਖ ਲਈ ਨਵੇਂ ਨੇਮ ਦੀ ਗੱਲ ਕੀਤੀ ਸੀ। ਅਤੇ ਅਸੀਂ ਇਹਨਾਂ ਤਿੰਨ ਵੱਡੇ ਯੁੱਗਾਂ ਨੂੰ ਸਮੇਂ ਦੇ ਛੋਟੇ ਸਮੇਂ ਵਿੱਚ ਵੰਡਣ ਲਈ ਅੱਗੇ ਵਧੇ। ਵਿਸ਼ਵ-ਵਿਆਪੀ ਨੇਮ ਵਿੱਚ ਪਰਮੇਸ਼ੁਰ ਦੀ ਨੇਮ ਦੀ ਉਮਰ ਆਦ ਹੈ ਜੋ ਆਦਮ ਨਾਲ ਸੀ- ਬੁਨਿਆਦੀ ਨੇਮ; ਅਤੇ ਨੂਹ ਨਾਲ ਪਰਮੇਸ਼ੁਰ ਦਾ ਨੇਮ- ਸਥਿਰਤਾ ਦਾ ਨੇਮ। ਫਿਰ ਅਸੀਂ ਰਾਸ਼ਟਰੀ ਨੇਮ ਦੇ ਸਮੇਂ ਨੂੰ ਅਬਰਾਹਮ ਦੇ ਸਮੇਂ ਵਿੱਚ ਵੰਡਿਆ- ਇਸਰਾਏਲ ਦੇ ਚੁਣਾਵ ਜਾਂ ਵਾਅਦੇ ਦਾ ਨੇਮ; ਮੂਸਾ- ਬਿਵਸਥਾ ਦਾ ਨੇਮ; ਅਤੇ ਦਾਊਦ- ਬਾਦਸ਼ਾਹਤ ਦੀ ਨੇਮ। ਅਤੇ ਅਸੀਂ ਨਵੇਂ ਨੇਮ ਦੇ ਸਮੇਂ ਨੂੰ ਵੀ ਵੰਡਿਆ- ਪੂਰਤੀ ਦਾ ਨੇਮ- ਇਸਦੇ ਉਦਘਾਟਨ ਵਿੱਚ, ਨਿਰੰਤਰਤਾ ਅਤੇ ਸੰਪੂਰਨਤਾ ਵਿੱਚ। ਇਹਨਾਂ ਵੰਡਾਂ ਨੇ ਸਾਨੂੰ ਮੂਲ ਰਾਜ ਦੀਆਂ ਨੀਤੀਆਂ ਨੂੰ ਵੱਖ ਕਰਨ ਵਿੱਚ ਮਦਦ

ਕੀਤੀ ਜੋ ਪਰਮੇਸ਼ੁਰ ਨੇ ਵੱਖ-ਵੱਖ ਨੇਮਾਂ ਦੁਆਰਾ ਸਥਾਪਿਤ ਕੀਤੀਆਂ ਸਨ। ਪਰ ਇਹ ਇਤਿਹਾਸਿਕ ਵੰਡ ਪੁਰਾਣੇ ਨੇਮ ਦੇ ਇਤਿਹਾਸ ਦੇ ਸਮਕਾਲੀ ਸਨੈਪਸ਼ਾਟ ਬਣਾਉਣ ਦੇ ਬਹੁਤ ਸਾਰੇ ਤਰੀਕਿਆਂ ਵਿੱਚੋਂ ਸਿਰਫ਼ ਦੋ ਹਨ।

ਉਦਾਹਰਨ ਲਈ, ਵੈਸਟਮਿੰਸਟਰ ਕਨਫੈਸ਼ਨ ਆਫ਼ ਫੇਥ ਦਾ ਸੱਤਵਾਂ ਪਾਠ "ਕੰਮਾਂ ਦੇ ਨੇਮ" ਦੀ ਮਿਆਦ ਨੂੰ ਦਰਸਾਉਂਦਾ ਹੈ - ਆਦਮ ਦੁਆਰਾ ਪਾਪ ਕਰਨ ਤੋਂ ਪਹਿਲਾਂ ਦਾ ਸਮਾਂ - ਅਤੇ "ਕਿਰਪਾ ਦਾ ਨੇਮ" ਜੋ ਕਿ ਨਵੇਂ ਨੇਮ ਸਮੇਤ ਬਾਕੀ ਬਾਈਬਲ ਦੇ ਇਤਿਹਾਸ ਨੂੰ ਦੱਸਦਾ ਹੈ। ਇਹ ਉਸ ਸਮੇਂ ਦੇ ਵੀਚਕਾਰ ਕਿਰਪਾ ਦੇ ਨੇਮ ਵਿੱਚ ਇੱਕ ਮਹੱਤਵਪੂਰਨ ਵੰਡ ਨੂੰ ਵੀ ਦਰਸਾਉਂਦਾ ਹੈ ਜੋ "ਬਿਵਸਥਾ ਦੇ ਅਧੀਨ" ਸੀ, ਮਤਲਬ ਕਿ ਪੁਰਾਣੇ ਨੇਮ ਦਾ ਸਮਾਂ, ਅਤੇ ਉਹ ਸਮਾਂ ਜੋ "ਖੁਸ਼ਖਬਰੀ ਦੇ ਅਧੀਨ" ਸੀ, ਭਾਵ ਨਵਾ ਨੇਮ।

ਪਿਛਲੀ ਸਦੀ ਵਿੱਚ, ਪ੍ਰਿੰਸਟਨ ਥੀਓਲਾਜੀਕਲ ਸੈਮੀਨਰੀ ਦੇ ਵਿਆਪਕ ਤੌਰ ਤੇ ਸਤਿਕਾਰਤ ਬਾਈਬਲ ਦੇ ਧਰਮ ਸ਼ਾਸਤਰੀ ਗੀਹਾਰਡਸ ਵੋਸ ਨੇ ਹੋਰ ਮਾਪਦੰਡਾਂ ਦੀ ਵਰਤੋਂ ਕਰਕੇ ਪੁਰਾਣੇ ਨੇਮ ਨੂੰ ਵੰਡਿਆ। ਨੇਮਾਂ ਤੇ ਕੇਂਦਰਤ ਰਹਿਣ ਦੀ ਬਜਾਏ, ਉਸਨੇ ਅਲੋਕਿਕ ਪ੍ਰਕਾਸ਼ ਦੇ ਰੂਪ ਅਤੇ ਸਮੱਗਰੀ ਵਿੱਚ ਵੱਡੀਆਂ ਤਬਦੀਲੀਆਂ ਦੇ ਅਨੁਸਾਰ ਸਮੇਂ ਦੀ ਪਛਾਣ ਕੀਤੀ। ਉਸਨੇ ਪਾਪ ਤੋਂ ਪਹਿਲਾਂ ਪੂਰਵ-ਮੁਕਤੀ ਯੁੱਗ ਦੀ ਗੱਲ ਕੀਤੀ; ਪਤਨ ਤੋਂ ਬਾਅਦ ਅਤੇ ਆਦਮ ਅਤੇ ਹੱਵਾਹ ਦੇ ਬਾਗ਼ ਵਿੱਚੋਂ ਕੱਢੇ ਜਾਣ ਤੋਂ ਪਹਿਲਾਂ ਦਾ ਪਹਿਲਾ ਮੁਕਤੀ ਯੁੱਗ; ਕੱਢੇ ਜਾਣ ਤੋਂ ਲੈ ਕੇ ਨੂਹ ਦੇ ਦਿਨਾਂ ਦੇ ਹੜ੍ਹ ਤੱਕ ਦੀ ਮਿਆਦ; ਹੜ੍ਹ ਤੋਂ ਬਾਅਦ ਦੀ ਮਿਆਦ ਜਿਸ ਨਾਲ ਪਤਵੰਤਿਆਂ ਵੱਲ ਜਾਂਦਾ ਹੈ; ਪੁਰਖਿਆਂ ਦੀ ਮਿਆਦ; ਮੂਸਾ ਦੀ ਮਿਆਦ; ਅਤੇ ਮੂਸਾ ਦੇ ਬਾਅਦ ਭਵਿੱਖਬਾਣੀ ਦੀ ਮਿਆਦ. ਅਤੇ ਬੇਸ਼ੱਕ, ਇੱਕ ਮਸੀਹੀ ਹੋਣ ਦੇ ਨਾਤੇ, ਉਸਨੇ ਨਵੇਂ ਨੇਮ ਦੀ ਮਿਆਦ ਨੂੰ ਵੀ ਜੋੜਿਆ।

ਹੁਣ, ਇੱਕ ਵਾਰ ਸਮੇਂ ਦੀ ਇੱਕ ਮਿਆਦ ਦੀ ਪਛਾਣ ਹੋਣ ਤੋਂ ਬਾਅਦ, ਬਾਈਬਲ ਦੇ ਧਰਮ-ਸ਼ਾਸਤਰੀ ਦਾ ਕੰਮ ਇਤਿਹਾਸਿਕ ਘਟਨਾਵਾਂ ਤੇ ਧਿਆਨ ਕੇਂਦਰਿਤ ਕਰਨਾ ਹੈ ਜੋ ਉਸ ਸਮੇਂ ਦੇ ਦੌਰਾਨ ਪਰਮੇਸ਼ੁਰ ਅਤੇ ਉਸਦੀ ਇੱਛਾ ਨੂੰ ਪ੍ਰਗਟ ਕਰਦੇ ਹਨ। ਬੇਸ਼ੱਕ ਕਿਸੇ ਵੀ ਇਤਹਾਸਿਕ ਸਮੇਂ ਵਿੱਚ ਸਾਰੀਆਂ ਘਟਨਾਵਾਂ ਜਿਹੜੀਆਂ ਹੋਇਆ ਹਨ ਆਪਸ ਵਿੱਚ ਮੇਲ ਰੱਖਦਿਆਂ ਹਨ। ਪਰ ਪਵਿੱਤਰ ਸ਼ਾਸਤਰ ਕੁੱਖ ਘਟਨਾਵਾਂ ਨੂੰ ਦੂਜਿਆਂ ਤੋ ਵੱਧ ਕੇ ਦੱਸਦਾ ਹੈ। ਇਸ ਲਈ, ਧਰਮ-ਸ਼ਾਸਤਰੀ ਬਾਈਬਲ ਆਮ ਤੌਰ ਤੇ ਬਾਈਬਲ ਦੇ ਇਤਿਹਾਸ ਦੀਆਂ ਇਨ੍ਹਾਂ ਹੋਰ ਰਚਨਾਤਮਕ ਜਾਂ ਕੇਂਦਰੀ ਘਟਨਾਵਾਂ ਤੇ ਧਿਆਨ ਕੇਂਦ੍ਰਤ ਕਰਦੇ ਹਨ।

ਉਦਾਹਰਣ ਦੇ ਲਈ, ਜੱਦ ਧਰਮ- ਸ਼ਾਸਤਰੀਆਂ ਨੇ ਪੁਰਾਣੇ ਨੇਮ ਦੇ ਇਤਿਹਾਸ ਦੇ ਟੁਕੜਿਆਂ ਤੇ ਧਿਆਨ ਕੇਂਦਰਿਤ ਕੀਤਾ ਜਿਸਨੂੰ ਅਕਸਰ “ਵਾਅਦੇ ਦੇ ਸਮੇਂ” ਦੇ ਨਾਮ ਤੋ ਜਾਣਿਆਂ ਜਾਂਦਾ ਹੈ- ਇਸਰਾਏਲ ਦੇ ਪੁਰਖਾਂ ਦਾ ਸਮਾਂ, ਅਬਰਾਹਮ, ਇਸਹਾਕ ਅਤੇ ਯਾਕੂਬ- ਉਹ ਅਕਸਰ ਵੇਖਦੇ ਹਨ ਕਿ ਪਰਮੇਸ਼ੁਰ ਨੇ ਆਪਣੇ ਆਪ ਨੂੰ ਇਸ ਸਮੇਂ ਵਿੱਚ ਮੁੱਖ ਤੌਰ ਤੇ ਸਿੱਧੇ ਭਾਸ਼ਣ ਰਾਹੀਂ, ਦਰਸ਼ਨ ਰਾਹੀਂ, ਅਤੇ ਸੁਫ਼ਨੇ ਰਾਹੀਂ ਪ੍ਰਗਟ ਕੀਤਾ ਸੀ। ਉਹ ਇਹ ਵੀ ਨੋਟ ਕਰਦੇ ਹਨ ਕਿ ਅਬਰਾਹਾਮ, ਇਸਹਾਕ ਅਤੇ ਯਾਕੂਬ ਦੀ ਅੰਸ ਲਈ ਨਸਲੀ ਕੇਂਦਰ ਨੂੰ ਸੀਮਿਤ ਕੀਤਾ ਗਿਆ ਸੀ। ਉਹ ਵੇਖਦੇ ਹਨ ਕਿ ਪੁਰਖਾਂ ਨੇ ਬਹੁਤ ਸਾਰੀਆਂ ਜਗਵੇਦੀਆਂ ਤੇ ਉਪਾਸਨਾ ਕੀਤੀ। ਉਹ ਪੁਰਖਾਂ ਨੂੰ ਦਿੱਤੇ ਗਏ ਬਹੁਤ ਸਾਰੇ ਅੰਸਾਂ ਦੇ ਵਾਅਦੇ ਦਾ ਵਰਣਨ ਕਰਦੇ ਹਨ। ਅਤੇ ਉਹ ਪਿਤਾਵਾਂ ਨੂੰ ਧਰਤੀ ਦੇ ਵਾਅਦੇ ਦੀ ਮਹੱਤਤਾ ਨੂੰ ਵੇਖਦੇ ਹਨ। ਇਸ ਤਰ੍ਹਾਂ ਦੀਆਂ ਨਿਰੀਖਣਾਂ ਸਮੁੱਚੇ ਤੌਰ ਤੇ ਪੁਰਖ-ਪ੍ਰਧਾਨ ਕਾਲ ਨੂੰ ਦਰਸਾਉਣ ਦੀਆਂ ਕੋਸ਼ਿਸ਼ਾਂ ਹਨ, ਉਹਨਾਂ ਰਚਨਾਤਮਕ ਘਟਨਾਵਾਂ ਦੀ ਪਛਾਣ ਕਰਦੀਆਂ ਹਨ ਜਿਨ੍ਹਾਂ ਨੇ ਉਸ ਸਮੇਂ ਦੌਰਾਨ ਮੁੱਖ ਭੂਮਿਕਾਵਾਂ ਨਿਭਾਈਆਂ ਹਨ।

ਜਾਂ, ਜਦੋਂ ਬਾਈਬਲ ਦੇ ਧਰਮ ਸ਼ਾਸਤਰੀ ਬਿਵਸਥਾ ਦੇ ਸਮੇਂ ਤੇ ਕੇਦੰਰ ਕਰਦੇ ਹਨ- ਮੂਸਾ ਦੇ ਸਮੇਂ ਜਿਸਨੇ ਕੂਚ ਦੇ ਸਮੇਂ ਇਸਰਾਏਲ ਦੀ ਅਗਵਾਈ ਕੀਤੀ ਅਤੇ ਵਾਅਦੇ ਦੀ ਜ਼ਮੀਨ ਨੂੰ ਜਿੱਤਣ ਲਈ-ਉਹ ਅਕਸਰ ਧਿਆਣ ਕੇਦੰਰ ਕਰਦੇ ਹਨ ਕੀ ਪਰਮੇਸ਼ੁਰ ਨੇ ਕਿਸ ਤਰ੍ਹਾਂ ਆਪਣੇ ਆਪ ਨੂੰ ਮੂਸਾ ਦੀ ਬਿਵਸਥਾ ਦੁਆਰਾ ਪ੍ਰਗਟ ਕੀਤਾ। ਉਹ ਇਹ ਵੀ ਵੇਖਦੇ ਹਨ

ਕਿ ਕਿਵੇਂ ਇਸਰਾਏਲ ਨਸਲੀ ਕੇਦੰਰ ਰਾਸ਼ਟਰੀ ਕੇਂਦਰ ਬਣ ਗਿਆ। ਉਹ ਦੱਸਦੇ ਹਨ ਕਿ ਪਰਮੇਸ਼ੁਰ ਦੇ ਤੰਬੂ ਦਾ ਨਿਰਮਾਣ ਕਿਵੇਂ ਕੀਤਾ ਗਿਆ ਸੀ ਅਤੇ ਉੱਥੇ ਉਪਾਸਨਾ ਨੂੰ ਕੇਂਦਰਿਤ ਕੀਤਾ ਗਿਆ ਸੀ। ਉਹਨਾਂ ਨੇ ਧਿਆਨ ਦਿੱਤਾ ਕੀ ਇਸਰਾਏਲ ਗਿਣਤੀ ਵਿੱਚ ਬਹੁਤ ਵੱਧ ਗਏ ਹਨ। ਅਤੇ ਉਹ ਵਿਖਾਉਂਦੇ ਹਨ ਕਿ ਕਿਸ ਤਰ੍ਹਾਂ ਪਰਮੇਸ਼ੁਰ ਨੇ ਉਨ੍ਹਾਂ ਦੀ ਵਾਅਦੇ ਦੀ ਧਰਤੀ ਤੇ ਅਧਿਕਾਰ ਕਰਨ ਲਈ ਅਗਵਾਈ ਕੀਤੀ। ਇਸ ਤਰ੍ਹਾਂ ਦੀਆਂ ਘਟਨਾਵਾਂ ਮੂਸਾ ਦੇ ਸਮੇਂ ਦੀਆਂ ਸਾਰੀਆਂ ਵੀਸ਼ੇਸ਼ਤਾਵਾਂ ਦੱਸਦਿਆਂ ਹਨ ਅਤੇ ਬਾਈਬਲ ਦੇ ਇਤਿਹਾਸ ਵਿੱਚ ਇਸ ਸਮੇਂ ਦੇ ਸਨੈਪਸੋਟ ਦਿੰਦਾ ਹੈ।

> **ਧਰਮ ਸ਼ਾਸਤਰੀ ਅਕਸਰ ਪਰਮੇਸ਼ੁਰ ਦੀਆਂ ਯੋਜਨਾਵਾਂ ਨੂੰ ਵੱਖ ਵੱਖ ਸਮੇਂ ਅਤੇ ਯੁੱਗ ਵਿੱਚ ਵੰਡਦੇ ਹਨ... ਨਵਾਂ ਨੇਮ ਪੁਰਾਣੇ ਨੇਮ ਨੂੰ ਕਿਸ ਤਰ੍ਹਾਂ ਵੰਡਦਾ ਹੈ ਇਸਦੀ ਸਾਡੇ ਕੋਲ ਬਹੁਤ ਸਾਰੀ ਨਵੇਂ ਨੇਮ ਵਿੱਚ ਉਦਾਰਣਾਂ ਹਨ। ਤੁਸੀਂ ਮੱਤੀ ਦੀ ਵੰਸ਼ਾਵਲੀ ਬਾਰੇ ਸੋਚ ਸਕਦੇ ਹੋ। ਇਸਦੀ ਸ਼ੁਰੂਆਤ ਅਬਰਾਹਮ ਤੋ ਹੁੰਦੀ ਹੈ, ਦਾਊਦ ਦੇ ਕੰਮਾਂ ਤੋ ਹੁੰਦੀ ਹੈ। ਇਹ ਅਬਰਾਹਾਮ ਤੋਂ ਦਾਊਦ ਦੇ ਸੰਦਰਭ ਵਿੱਚ ਪੁਰਾਣੇ ਨੇਮ ਦੇ ਇਤਿਹਾਸ ਨੂੰ ਵੇਖਦਾ ਹੈ, ਦਾਊਦ ਤੋਂ ਬੰਦਿਗ੍ਰਹ ਤੱਕ, ਕੈਦ ਤੋਂ ਮਸੀਹ ਤੱਕ। ਇਸ ਤਰੀਕੇ ਨਾਲ ਬਾਈਬਲ ਪੁਰਾਣੇ ਨੇਮ ਦੇ ਇਤਿਹਾਸ ਦੀ ਵੰਡ ਕਰਦੀ ਹੈ... ਹੋਰ ਤਰੀਕੇ ਵੀ ਹਨ ਜਿਸ ਵਿੱਚ ਨਵਾਂ ਨੇਮ ਇਸ ਨੂੰ ਵੰਡਦਾ ਹੈ।ਰੋਮੀਆਂ 5; 1 ਕੁਰੰ. 15 ਵਿੱਚ ਤੁਸੀ ਪੌਲੁਸ ਬਾਰੇ ਸੋਚ ਸਕਦੇ ਹੋ। ਤੁਸੀ ਆਦਮ ਅਤੇ ਮਸੀਹ ਬਾਰੇ ਬੋਲ ਸਕਦੇ ਹੋ; ਬਿਵਸਥਾ ਤੋ ਪਹਿਲਾਂ, ਬਿਵਸਥਾ ਤੋ ਬਾਅਦ। ਇਸ ਲਈ ਨਵਾਂ ਨੇਮ ਇਸ ਨੂੰ ਕਰਨ ਦੇ ਬਹੁਤ ਸਾਰੇ ਤਰੀਕੇ ਦਸਦਾ ਹੈ।**
>
> **— ਡਾ. ਸਟੀਫਨ ਜੇ. ਵੇਲਮ**

ਹੱਥ ਵਿੱਚ ਸਮਕਾਲੀ ਸਨੈਪਸ਼ਾਟ ਦੇ ਨਤੀਜੇ ਦੇ ਨਾਲ, ਬਾਈਬਲ ਦੇ ਧਰਮ ਸ਼ਾਸਤਰੀ ਦੂਜੇ ਪੜਾਵ ਵੱਲ ਲੈ ਜਾਂਦੇ ਹਨ, ਜਿਸ ਨੂੰ ਅਸੀਂ ਡਾਇਕ੍ਰੋਨਿਕ ਟਰੇਸ ਆਖ ਸਕਦੇ ਹਾਂ।

## ਸਮੇਂ ਅਨੁਸਾਰ ਭਾਲ ਕਰਨਾ

ਡਾਇਕ੍ਰੋਨਿਕ ਸ਼ਬਦ ਦਾ ਸਧਾਰਨ ਮਤਲਬ ਹੈ "ਸਮੇਂ ਦੁਆਰਾ"। ਇਹ ਉਹਨਾਂ ਤਰੀਕਿਆਂ ਨੂੰ ਦਰਸਾਉਂਦਾ ਹੈ ਜੋ ਸਮੇਂ ਦੇ ਨਾਲ ਕੁਝ ਵਿਕਸਿਤ ਜਾਂ ਬਦਲਿਆ ਹੈ। ਇਸ ਲਈ, ਇੱਕ ਸਮੇਂ ਅਨੁਸਾਰ ਭਾਲ ਉਹਨਾਂ ਤਰੀਕਿਆਂ ਤੇ ਕੇਂਦ੍ਰਤ ਕਰਦਾ ਹੈ ਜੋ ਪਰਮੇਸ਼ੁਰ ਦੀਆਂ ਕਿਰਿਆਵਾਂ ਅਤੇ ਸ਼ਬਦ ਇੱਕ ਸਮੇਂ ਤੋਂ ਦੂਜੇ ਸਮੇਂ ਤੱਕ, ਸਮੇਂ ਦੇ ਨਾਲ ਇੱਕ ਦੂਜੇ ਨਾਲ ਜੁੜਦੇ ਹਨ।

ਅਸੀਂ ਇਸ ਤਰੀਕੇ ਨਾਲ ਸਮੇਂ ਅਨੁਸਾਰ ਭਾਲ ਸਥਾਪਤ ਕਰਨ ਦੀ ਪ੍ਰਕਿਰਿਆ ਨੂੰ ਸੰਖੇਪ ਕਰ ਸਕਦੇ ਹਾਂ: ਜਦੋਂ ਅਸੀਂ ਬਾਈਬਲ ਦੇ ਇਤਿਹਾਸ ਦੇ ਵੱਖ-ਵੱਖ ਦੌਰਾਂ ਦੀਆਂ ਰਚਨਾਤਮਕ ਘਟਨਾਵਾਂ ਦੀ ਇੱਕ ਦੂਜੇ ਨਾਲ ਤੁਲਨਾ ਕਰਦੇ ਹਾਂ, ਤਾਂ ਅਸੀਂ ਇਹ ਪਛਾਣਦੇ ਹਾਂ ਕਿ ਇੱਕ ਸਮੇਂ ਦੀਆਂ ਘਟਨਾਵਾਂ ਅਤੇ ਦੂਜੇ ਸਮੇਂ ਦੀਆਂ ਘਟਨਾਵਾਂ ਵਿੱਚਕਾਰ ਇਕਸਾਰਤਾ ਜਾਂ ਸਬੰਧ ਹਨ। ਬਾਈਬਲ ਦੇ ਧਰਮ ਸ਼ਾਸਤਰੀ ਇਹਨਾਂ ਸੰਸਥਾਵਾਂ ਨੂੰ ਨੋਟ ਕਰਦੇ ਹਨ ਅਤੇ ਦੱਸਦੇ ਹਨ ਕਿ ਇਹ ਪੁਰਾਣੇ ਨੇਮ ਦੀ ਨਿਹਚਾ ਵਿੱਚ ਵੀਕਾਸ ਨੂੰ ਕਿਵੇਂ ਦਰਸਾਉਂਦੇ ਹਨ।

ਪੁਰਾਣੇ ਨੇਮ ਦੀ ਵਿਆਖਿਆ ਕਰਨ ਦੀ ਸਭ ਤੋਂ ਮੁਸ਼ਕਲ ਪਰ ਸਹੀ ਵੀਸ਼ੇਸ਼ਤਾਵਾਂ ਵਿੱਚੋਂ ਇੱਕ ਇਹ ਤੱਥ ਹੈ ਕਿ ਇਹ ਇਤਿਹਾਸ ਦੇ ਸਿਰਫ਼ ਇੱਕ ਦੌਰ ਦਾ ਵਰਣਨ ਨਹੀਂ ਕਰਦਾ ਹੈ। ਇਹ ਹਜ਼ਾਰਾਂ ਸਾਲਾਂ ਦੀਆਂ ਘਟਨਾਵਾਂ ਨੂੰ ਛੂੰਹਦਾ ਹੈ। ਜਿਵੇਂ ਕਿ ਅਸੀਂ ਇਹ ਸਿੱਖਦੇ ਹਾਂ ਕਿ ਇਤਿਹਾਸ ਦੇ ਇਸ ਲੰਮੇ ਹਿੱਸੇ ਵਿੱਚ ਪਰਮੇਸ਼ੁਰ ਨੇ ਕੀ ਕੀਤਾ ਅਤੇ ਆਖਿਆ, ਇਹ ਸਪੱਸ਼ਟ ਹੈ, ਇੱਥੋਂ ਤੱਕ ਕਿ ਇੱਕ ਆਮ ਪਾਠਕ ਲਈ ਵੀ, ਕਿ ਪਰਮੇਸ਼ੁਰ ਦੇ ਪ੍ਰਗਟਾਵੇ ਕਈ ਕਿਸਮਾਂ ਦੇ ਧਰਮ ਸ਼ਾਸਤਰੀ ਵਿਕਾਸ ਨੂੰ ਦਰਸਾਉਂਦੇ ਹਨ।

ਜੋ ਪਰਮੇਸ਼ੁਰ ਨੇ ਆਦਮ ਨੂੰ ਨੇਮ ਦੇ ਦੌਰਾਨ ਆਖਿਆ ਉਹ ਨੂਹ ਦੇ ਨੇਮ ਦੇ ਸਮੇਂ ਵਿੱਚ ਨਹੀਂ ਦੁਹਰਾਇਆ ਗਿਆ। ਅਬਰਾਹਾਮ ਦੇ ਨੇਮ ਦੇ ਸਮੇਂ ਵਿੱਚ ਪਰਮੇਸ਼ੁਰ ਦੇ ਖੁਲਾਸੇ ਸਿਰਫ਼ ਉਸ ਨੂੰ ਨਹੀਂ ਦੁਹਰਾਉਂਦੇ ਸਨ ਜੋ ਪਹਿਲਾਂ ਪ੍ਰਗਟ ਕੀਤਾ ਗਿਆ ਸੀ। ਅਤੇ ਮੂਸਾ ਦੇ ਨੇਮ ਅਤੇ ਦਾਊਦ ਦੇ ਨੇਮ ਦੇ ਸਮੇਂ ਲਈ ਵੀ ਏਹੀ ਸੱਚ ਸੀ। ਅਤੇ ਨਵੇਂ ਨੇਮ ਦੇ ਦੌਰਾਨ ਅਲੌਕਿਕ ਪ੍ਰਗਟਾਵੇ ਦਾਊਦ ਦੀ ਨੇਮ ਤੋਂ ਵੀ ਪਰੇ ਸਨ।

ਪਰ ਅਲੌਕਿਕ ਪ੍ਰਕਾਸ਼ਨ ਇਹਨਾਂ ਸਮੇਂ ਵਿੱਚ ਅਪਸ ਵਿੱਚ ਵੀਰੋਧਾਭਾਸ ਨਹੀਂ ਸਨ। ਪਹਿਲੇ ਸਮੇਂ ਦੇ ਪ੍ਰਕਾਸ਼ਨ ਨੂੰ ਬਾਦ ਦੇ ਸਮੇਂ ਵਿੱਚ ਸ਼ਾਮਿਲ ਅਤੇ ਬਣਾਇਆ ਗਿਆ। ਵੱਖ-ਵੱਖ ਸਮੇਂ ਦੇ ਅੰਤਰਾਲ ਪਰਿਪੱਕਤਾ ਜਾਂ ਜੈਵੀਕ ਵਿਕਾਸ ਨੂੰ ਦਰਸਾਉਂਦੇ ਹਨ। ਪੁਰਾਣੇ ਨੇਮ ਦੀ ਨਿਹਚਾ ਬਹੁਤ ਵਧੀਆ ਸੀ ਜਿਵੇਂ ਇੱਕ ਬੀਜ ਇੱਕ ਬੂਟੇ ਵਿੱਚ ਉੱਗਦਾ ਹੈ, ਫਿਰ ਇੱਕ ਛੋਟੇ ਰੁੱਖ ਵਿੱਚ, ਅਤੇ ਫਿਰ ਇੱਕ ਪਰਿਪੱਕ ਰੁੱਖ ਵਿੱਚ। ਪੁਰਾਣੇ ਨੇਮ ਦੇ ਇਤਿਹਾਸ ਵਿੱਚ ਇਹਨਾਂ ਵਿਕਾਸਾਂ ਦਾ ਵਰਣਨ ਕਰਨਾ ਇੱਕ ਪ੍ਰਕਿਰਿਆ ਹੈ ਜਿਸਨੂੰ ਅਸੀਂ " ਸਮੇਂ ਅਨੁਸਾਰ ਭਾਲ ਕਰਨਾ" ਆਖਦੇ ਹਾਂ। ਇਹ ਸਮਝਣ ਲਈ ਕਿ ਸਾਡਾ ਕੀ ਮਤਲਬ ਹੈ, ਆਓ ਅਬਰਾਹਾਮ ਨਾਲ ਪਰਮੇਸ਼ੁਰ ਦੇ ਨੇਮ ਉੱਤੇ ਜ਼ੋਰ ਦੇਣ ਵਾਲੇ ਸਿਰਫ਼ ਇੱਕ ਪਹਿਲੂ ਉੱਤੇ ਗੌਰ ਕਰੀਏ। ਅਸੀਂ ਅਬਰਾਹਾਮ ਨੂੰ ਕਨਾਨ ਦੀ ਧਰਤੀ ਦੇਣ ਦੇ ਪਰਮੇਸ਼ੁਰ ਦੇ ਵਾਅਦੇ ਨੂੰ ਵੇਖਾਂਗੇ। ਉਤਪਤ 15:18 ਵਿੱਚ ਅਸੀਂ ਇਹ ਸ਼ਬਦ ਪੜ੍ਹਦੇ ਹਾਂ:

> ਉਸ ਦਿਨ ਯਹੋਵਾਯਹ ਨੇ ਇੱਕ ਨੇਮ ਅਬਰਾਮ ਨਾਲ ਬੰਨ੍ਹਿਆਂ ਕਿ ਤੇਰੀ ਅੰਸ ਨੂੰ ਮੈਂ ਇਹ ਧਰਤੀ ਦੇ ਦਿੱਤੀ ਹੈ ਅਰਤਾਤ ਮਿਸਰ ਦੇ ਦਰਿਆ ਤੋਂ ਲੈਕੇ ਵੱਡੇ ਦਰਿਆਂ ਫਰਾਤ ਤੀਕ (ਉਤਪਤ 15:18)।

ਜਿਵੇਂ ਇਹ ਅੰਸ਼ ਦਰਸਾਉਂਦਾ ਹੈ, ਪਰਮੇਸ਼ੁਰ ਨੇ ਅਬਰਾਹਮ ਨਾਲ ਅਤੇ ਉਸਦੇ ਵੰਸ਼ ਨਾਲ ਕਨਾਨ ਦੀ ਧਰਤੀ ਦਾ ਵਅਦਾ ਕੀਤਾ। ਇਹ ਘਟਨਾ ਪੁਰਖਾਂ ਦੀ ਮਿਆਦ ਦੇ ਕਿਸੇ ਵੀ ਚੰਗੀ ਤਰ੍ਹਾਂ ਬਣੇ ਸਮਕਾਲੀ ਦ੍ਰਿਸ਼ ਲਈ ਕੇਂਦਰੀ ਹੈ।

ਪਰ ਪੁਰਾਣੇ ਨੇਮ ਦੇ ਇਤਿਹਾਸ ਵਿੱਚ ਪਰਮੇਸ਼ੁਰ ਵੱਲੋਂ ਅਬਰਾਹਾਮ ਨਾਲ ਕੀਤੇ ਗਏ ਇਸ ਵਾਅਦੇ ਦੀ ਮਹੱਤਤਾ ਨੂੰ ਸਮਝਣ ਲਈ, ਸਾਨੂੰ ਸਮੇਂ ਦੇ ਹੋਰ ਦੌਰ ਦੀ ਵੀ ਖੋਜ ਕਰਨੀ ਚਾਹੀਦੀ ਹੈ। ਸਾਨੂੰ ਪੁੱਛਣ ਦੀ ਜਰੂਰਤ ਹੈ, “ਕਿਹੜੀਆਂ ਪੁਰਾਣੀਆਂ ਘਟਨਾਵਾਂ ਕਨਾਨ ਦੀ ਧਰਤੀ ਦੇ ਇਸ ਵਾਅਦੇ ਦੀ ਪਿਛੋਕੜ ਬਣਾਉਂਦੀਆਂ ਹਨ?” ਅਤੇ "ਇਸ ਤੋਂ ਬਾਅਦ ਦੀਆਂ ਘਟਨਾਵਾਂ ਇਸ ਵਾਅਦੇ ਦੀ ਮਹੱਤਤਾ ਨੂੰ ਪ੍ਰਗਟ ਕਰਨ ਲਈ ਕਿਵੇਂ ਕੰਮ ਕਰਦੀਆਂ ਹਨ?” ਪਹਿਲਾਂ, ਬਾਈਬਲ ਦੇ ਇਤਿਹਾਸ ਦੇ ਸਭ ਤੋਂ ਮੁਢਲੇ ਸਮੇਂ, ਪ੍ਰਾਚੀਨ ਇਤਿਹਾਸ, ਜਿਸ ਵੀਚ ਆਦਮ ਅਤੇ ਨੂਹ ਵਿੱਚ ਪਰਮੇਸ਼ੁਰ ਦੇ ਨੇਮ ਸ਼ਾਮਿਲ ਸਨ, ਤੇ ਗੌਰ ਕਰੋ। ਜਿਵੇਂ ਕਿ ਅਸੀਂ ਇਕ ਹੋਰ ਸਬਕ ਵਿੱਚ ਵੇਖਿਆ ਹੈ, ਆਦਮ ਦੇ ਸਮੇਂ ਦੌਰਾਨ, ਪਰਮੇਸ਼ੁਰ ਨੇ ਸਭ ਤੋਂ ਪਹਿਲਾਂ ਮਨੁੱਖਤਾ ਨੂੰ ਆਪਣੇ ਸ਼ਾਹੀ ਜਾਜ਼ਕਾ ਵਜੋਂ ਸਥਾਪਿਤ ਕੀਤਾ ਅਤੇ ਉਨ੍ਹਾਂ ਨੂੰ ਸਾਰੀ ਧਰਤੀ ਉੱਤੇ ਰਾਜ ਕਰਨ ਲਈ ਆਖਿਆ। ਜਿਵੇਂ ਕਿ ਅਸੀਂ ਉਤਪਤ 1:28 ਵਿੱਚ ਪੜ੍ਹਦੇ ਹਾਂ:

> ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਖਿਆ ਕਿ ਫਲੋ ਅਰ ਵੱਧੋ ਅਤੇ

> ਧਰਤੀ ਨੂੰ ਭਰ ਦਿਉ ਅਤੇ ਉਹ ਨੂੰ ਅਪਣੇ ਵੱਸ ਵਿੱਚ ਕਰੋ ਅਤੇ ਸਮੁੰਦਰ ਦੀਆਂ ਮੱਛੀਆਂ ਉੱਤੇ ਅਰ ਅਕਾਸ਼ ਦਿਆਂ ਪੰਛੀਆਂ ਉੱਤੇ ਅਰ ਸਾਰੇ ਦਰਤੀ ਪੁਰ ਘਿੱਸਰਨ ਵਾਲਿਆਂ ਜੀਆਂ ਉੱਤੇ ਰਾਜ ਕਰੋ (ਉਤਪਤ 1:28)।

ਇਸ ਸਮੇਂ ਤੱਕ ਮਨੁੱਖ ਨੇ ਪਾਪ ਨਹੀਂ ਸੀ ਕੀਤਾ, ਅਤੇ ਧਰਤੀ ਉੱਤੇ ਰਾਜ ਕਰਨਾ ਸੌਖਾ ਸੀ। ਪਰ ਪਾਪ ਨੇ ਰਾਜ ਕਰਨ ਦੀ ਪ੍ਰਕਿਰਿਆ ਨੂੰ ਮੁਸ਼ਕਿਲ ਕਰ ਦਿੱਤਾ ਮਨੁਖ ਦੀਆਂ ਕੋਸ਼ਿਸ਼ਾਂ ਅਤੇ ਦਰਦਾ ਦੁਆਰਾ। ਜਿਵੇਂ ਪਰਮੇਸ਼ੁਰ ਨੇ ਖੁਦ ਆਖਿਆ ਉਤਪਤ 3:17-19 ਵਿੱਚ:

> ਫੇਰ ਉਸ ਨੇ ਆਦਮੀ ਨੂੰ ਆਖਿਆ ਕਿ ਏਸ ਲਈ ਕਿ ਤੂੰ ਆਪਣੀ ਤੀਵੀਂ ਦੀ ਗੱਲ ਸੁਣੀ ਅਤੇ ਉਸ ਬਿਰਛ ਤੋਂ ਖਾਧਾ ਜਿਸ ਦੇ ਵੀਖੇ ਮੈਂ ਤੈਨੂੰ ਹੁਕਮ ਦਿੱਤਾ ਸੀ ਭਈ ਉਸ ਤੋਂ ਨਾ ਖਾਈਂ ਸੋ ਜ਼ਮੀਨ ਤੇਰੇ ਕਾਰਨ ਸਰਾਪਤ ਹੋਈ। ਤੂੰ ਆਪਣੇ ਜੀਵਣ ਦੇ ਸਾਰੇ ਦਿਨ ਉਸ ਤੋਂ ਦੁੱਖ ਨਾਲ ਖਾਵੇਂਗਾ ਉਹ ਕੰਡੇ ਅਰ ਕੰਡਿਆਲੇ ਤੇਰੇ ਲਈ ਉਗਾਵੇਗੀ ਅਤੇ ਤੂੰ ਪੈਲੀ ਦਾ ਸਾਗ ਪੱਤ ਖਾਵੇਂਗਾ ਤੂੰਮ ਆਪਣੇ ਮੂੰਹ ਦੇ ਮੁੜਕੇ ਨਾਲ ਰੋਟੀ ਖਾਆਵੈਂਗਾ ਜਦ ਤੀਕ ਤੂੰ ਮਿੱਟੀ ਵਿੱਚ ਫੇਰ ਨਾ ਮੁੜੇਂ ਕਿਉਂਜੋ ਤੂੰ ਉਸ ਤੋਂ ਕੱਢਿਆ ਗਿਆ ਸੀ। ਤੂੰ ਮਿੱਟੀ ਹੈ ਅਤੇ ਮਿੱਟੀ ਵਿੱਚ ਤੂੰ ਮੁੜ ਜਾਵੇਂਗਾ। (ਉਤਪਤ 3:17-19)।

ਫਿਰ ਵੀ, ਪਾਪ ਵਿੱਚ ਡਿੱਗਣ ਤੋਂ ਬਾਅਦ ਵੀ, ਪਰਮੇਸ਼ੁਰ ਨੇ ਮਨੁੱਖਾਂ ਤੋਂ ਉਮੀਦ ਕੀਤੀ ਸੀ ਕਿ ਉਹ ਧਰਤੀ ਉੱਤੇ ਰਾਜ ਕਰਨ ਦੀ ਕੋਸ਼ਿਸ਼ ਕਰਦੇ ਰਹਿਣਗੇ। ਭਾਵੇਂ ਕਿ ਮਨੁੱਖਜਾਤੀ ਦੀ ਦੁਸ਼ਟਤਾ ਏਨੀ ਵਧ ਗਈ ਕਿ ਪਰਮੇਸ਼ੁਰ ਨੇ ਨੂਹ ਦੇ ਜ਼ਮਾਨੇ ਵੀਚ ਦੁਨੀਆਂ ਨੂੰ ਤਬਾਹ ਕਰ ਦਿੱਤਾ, ਪਰਮੇਸ਼ੁਰ ਨੇ ਧਰਤੀ ਦੇ ਸਿਰੇ ਤੱਕ ਆਪਣਾ ਰਾਜ ਫੈਲਾਉਣ ਦਾ ਆਪਣਾ ਹੁਕਮ ਕਾਇਮ ਰੱਖਿਆ। ਜਿਵੇਂ ਕਿ ਪਰਮੇਸ਼ੁਰ ਨੇ ਉਤਪਤ 9:1 ਵਿੱਚ ਨੂਹ ਨੂੰ ਹੜ੍ਹ ਤੋਂ ਤੁਰੰਤ ਬਾਅਦ, ਹਦਾਇਤ ਦਿੱਤੀ ਸੀ:

> ਸੋ ਪਰਮੇਸ਼ੁਰ ਨੇ ਨੂਹ ਅਰ ਉਹ ਦੇ ਪੁੱਤ੍ਰਾ ਨੂੰ ਏਹ ਆਖਕੇ ਅਸੀਸ ਦਿੱਤੀ ਕਿ ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਉ (ਉਤਪਤ 9:1)

ਇਸ ਪਿਛੋਕੜ ਨੂੰ ਜਾਣਨਾ ਸਾਨੂੰ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਅਬਰਾਹਾਮ ਨੂੰ ਵਾਅਦੇ ਦੀ ਜ਼ਮੀਨ ਤੇ ਮਨੁੱਖਤਾ ਦੇ ਰਾਜ ਕਰਨ ਦੇ ਸੱਦੇ ਦੀ ਪੂਰਤੀ ਵਿੱਚ ਇੱਕ ਕਦਮ ਸੀ। ਪ੍ਰਾਚੀਨ ਸਮਿਆਂ ਵਿੱਚ, ਪਰਮੇਸ਼ੁਰ ਨੇ ਵਿਅਰਥਤਾ ਅਤੇ ਪਾਪ ਦੀ ਦੁਨੀਆਂ ਵਿੱਚ ਰਾਜ ਕਰ ਕੇ ਧਰਤੀ ਉੱਤੇ ਆਪਣਾ ਰਾਜ ਬਣਾਉਣ ਲਈ ਆਪਣੇ ਸਰੂਪ ਨੂੰ ਬਣਾਇਆ। ਇਹ ਰਾਜ ਹੋਰ ਪ੍ਰਗਟ ਹੋਇਆ ਜਦੋਂ ਪਰਮੇਸ਼ੁਰ ਨੇ ਅਬਰਾਹਾਮ ਅਤੇ ਉਸ ਦੀ ਅੰਸ ਨੂੰ ਕਨਾਨ ਦੀ ਵਾਅਦਾ ਕੀਤੀ ਹੋਈ ਧਰਤੀ ਉੱਤੇ ਕਬਜ਼ਾ ਕਰਨ ਲਈ ਬੁਲਾਇਆ। ਹੁਣ, ਪਿਤਾ ਪੁਰਖੀ ਦੌਰ ਵਿੱਚ ਪੂਰਤੀ ਦਾ ਇਹ ਕਦਮ ਆਪਣੇ ਆਪ ਵਿੱਚ ਕੋਈ ਅੰਤ ਨਹੀਂ ਸੀ। ਪੁਰਖਿਆਂ ਨੂੰ ਜ਼ਮੀਨ ਦੇਣ ਦਾ ਵਾਅਦਾ ਭਵਿੱਖ ਵਿੱਚ ਹੋਰ ਵੀ ਵੱਡੀ ਪੂਰਤੀ ਵੱਲ ਇੱਕ ਕਦਮ ਸੀ। ਜਿਵੇਂ ਕਿ ਪਰਮੇਸ਼ੁਰ ਨੇ ਉਤਪਤ 22:18 ਵਿੱਚ ਅਬਰਾਹਾਮ ਨਾਲ ਵਾਅਦਾ ਕੀਤਾ ਸੀ:

> ਅਤੇ ਤੇਰੀ ਅੰਸ਼ ਵੀਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ ਕਿਉਂਜੋ ਤੈਂ ਮੇਰੇ ਬੋਲ ਨੂੰ ਸੁਣਿਆ ਹੈ (ਉਤਪਤ 22:18)।

ਇਹ ਵਚਨ ਸਾਨੂੰ ਯਾਦ ਦਿਲਾਉਂਦੇ ਹਨ ਕੀ ਪਰਮੇਸ਼ੁਰ ਨੇ ਵਾਅਦੇ ਦੀ ਜ਼ਮੀਨ ਅਬਰਾਹਮ ਨੂੰ ਦਿੱਤੀ ਅਤੇ ਉਸਦੀ ਅੰਸ ਨੂੰ ਪੈਰ ਰੱਖਣ ਲਈ ਦਿੱਤੇ। ਇਹ ਸ਼ੁਰੂਆਤ ਦਾ ਇਕ ਬਿੰਦੂ ਸੀ ਜਿਥੋ ਉਹਨਾਂ ਨੂੰ ਧਰਤੀ ਦੀ ਸਾਰੇ ਪਰਿਵਾਰਾਂ ਦੀ ਛੁਟਕਾਰੇ ਦੀ ਬਰਕਤ ਵੱਲ ਅਗਵਾਈ ਕਰਨੀ ਸੀ ਅਤੇ ਸਾਰੀ ਧਰਤੀ ਉੱਤੇ ਪਰਮੇਸ਼ੁਰ ਦਾ ਸਨਮਾਨ ਕਰਨ ਵਾਲਾ ਰਾਜ - ਜਿਵੇਂ ਕਿ ਪਰਮੇਸ਼ੁਰ ਨੇ ਅਸਲ ਵਿੱਚ ਮਨੁੱਖਤਾ ਲਈ ਨਿਯੁਕਤ ਕੀਤਾ ਸੀ।

ਇਸ ਕਾਰਨ, ਮਨੁੱਖਤਾ ਦੇ ਰਾਜ ਦੇ ਸਾਡੇ ਸਮੇਂ ਅਨੁਸਾਰ ਭਾਲ ਨੂੰ ਮੂਸਾ ਵਿੱਚ ਪਰਮੇਸ਼ੁਰ ਦੇ ਨੇਮ ਦੇ ਸਮੇਂ ਵੱਲ ਅੱਗੇ ਵੱਧਣਾ ਚਾਹੀਦਾ ਹੈ। ਇਸ ਸਮੇਂ ਵਿੱਚ ਪਰਮੇਸ਼ੁਰ ਨੇ ਇਸਰਾਏਲ ਨੂੰ ਵਾਅਦੇ ਦੀ ਜ਼ਮੀਨ ਤੇ ਰਾਸ਼ਤਰ ਦੇ ਘਰ ਦੇ ਰੂਪ ਵਿੱਚ ਸਥਾਪਿਤ ਕਰ ਦਿਤਾ, ਯਹੋਸ਼ੁਆ ਦੀ ਜਿੱਤ ਵਿੱਚ ਇਸਰਾਏਲ ਨੂੰ ਜ਼ਮੀਨ ਦੇ ਕੇ ਪੁਰਖਿਆਂ ਨਾਲ ਕੀਤੇ ਵਾਅਦੇ ਨੂੰ ਅੱਗੇ ਵਧਾਉਣਾ। ਜਿਵੇਂ ਕਿ ਪਰਮੇਸ਼ੁਰ ਨੇ ਯਹੋਸ਼ੁਆ ਨੂੰ ਯਹੋਸ਼ੁਆ 1:6 ਵਿੱਚ ਆਖਿਆ ਸੀ:

> ਤਕੜਾ ਹੋ ਅਤੇ ਹੌਸਲਾ ਰੱਖ ਕਿਉਂ ਜੋ ਏਹ ਦੇਸ ਜਿਹ ਦੀ ਮੈਂ ਇਨ੍ਹਾਂ ਦੇ ਪਿਉ ਦਾਦਿਆਂ ਨੂੰ ਦੇਣ ਦੀ ਸੌਂਹ ਖਾਧੀ ਹੈ ਤੂੰ ਇਨ੍ਹਾਂ ਲੋਕਾਂ ਨੂੰ ਮਿਲਖ ਲਈ ਦੁਆਵੇਂਗਾ (ਯਹੋਸ਼ੁਆ 1:6)

ਰਾਜ ਕਰਨ ਲਈ ਮਨੁੱਖਤਾ ਦੀ ਅਸਲ ਬੁਲਾਹਟ, ਅਤੇ ਅਬਰਾਹਮ ਨੂੰ ਪਰਮੇਸ਼ੁਰ ਦਾ ਜ਼ਮੀਨੀ ਵਾਇਦਾ, ਅੱਗੇ ਵਧਾਇਆ ਜਦ ਇਸਰਾਏਲ ਨੇ ਵਾਅਦੇ ਦੀ ਜ਼ਮੀਨ ਤੇ ਰਾਜ ਕਰ ਲਿਆ।

ਇਸਰਾਏਲ ਦੇ ਰਾਜ ਦੀ ਪਹਿਲੀ ਸ਼ੁਰੂਆਤ ਕੂਚ ਦੇ ਸਮੇਂ ਹੋ ਗਈ ਸੀ, ਅਤੇ ਕੂਚ ਅਤੇ ਜਿੱਤ ਅੱਗੇ ਚੱਲ ਕੇ ਦਾਊਦ ਦੇ ਨੇਮ ਦੇ ਸਮੈਂ ਵਿੱਚ ਪੂਰਾ ਹੋਇਆਂ। ਇਹ ਉਹ ਸਮਾਂ ਸੀ ਜਦੋਂ ਇਸਰਾਏਲ ਨੇ ਦੁਸ਼ਮਣਾਂ ਦੇ ਵਿਰੁੱਧ ਜ਼ਮੀਨ ਨੂੰ ਸੁਰੱਖਿਅਤ ਕੀਤਾ ਅਤੇ ਇੱਕ ਵੱਡੇ ਸਾਮਰਾਜ ਵਿੱਚ ਪਰਿਪੱਕ ਹੋਇਆ। ਜ਼ਮੀਨ ਦੀ ਸੁਰਖਿਆਂ ਦਾਊਦ ਦੇ ਘਰ ਤੋ ਦਿੱਤੀ ਗਈ, ਦਾਊਦ ਦੇ ਘਰ ਦੁਆਰਾ ਪ੍ਰਦਾਨ ਕੀਤੀ ਗਈ ਜ਼ਮੀਨ ਦੀ ਸੁਰੱਖਿਆ ਜ਼ਮੀਨ ਦੀ ਸ਼ੁਰੂਆਤੀ ਜਿੱਤ ਨੂੰ ਮਜ਼ਬੂਤ ਕਰਨ ਅਤੇ ਵਿਸਥਾਰ ਕਰਨ ਵੱਲ ਇੱਕ ਹੋਰ ਕਦਮ ਸੀ। ਪਰ ਇਸ ਸਮੇਂ ਦੇ ਸ਼ੁਰੂ ਵਿੱਚ ਸ਼ਾਹੀ ਹਕੀਕਤਾਂ ਨੇ ਭਵਿੱਖ ਵਿੱਚ ਇੱਕ ਦਿਨ ਦੀ ਵੀ ਉਮੀਦ ਕੀਤੀ ਸੀ, ਇੱਕ ਦਿਨ ਜਦੋਂ ਦਾਊਦ ਦੇ ਘਰ ਦਾ ਧਰਮੀ ਰਾਜ ਸਾਰੀ ਧਰਤੀ ਉੱਤੇ ਰਾਜ ਕਰੇਗਾ। ਦਾਊਦ ਦੇ ਘਰ ਦੀ ਇਹ ਉਮੀਦ ਜ਼ਬੂਰ 72:8-17 ਵਿੱਚ ਪ੍ਰਗਟ ਕੀਤੀ ਗਈ ਹੈ:

> ਉਹ ਸਮੁੰਦਰੋਂ ਲੈ ਕੇ ਸਮੁੰਦਰ ਤੀਕ, ਅਤੇ ਦਰਿਆ ਤੋਂ ਲੈ ਕੇ ਧਰਤੀ ਦੇ ਬੰਨੇ ਤੀਕ ਰਾਜ ਕਰੇਗਾ! … ਸਗੋਂ ਸਾਰੇ ਰਾਜੇ ਉਹ ਦੇ ਅੱਗੇ ਮੱਥਾ ਟੇਕਣਗੇ, ਸਾਰੀਆਂ ਕੌਮਾਂ ਉਸ ਦੀ ਸੇਵਾ ਕਰਨਗੀਆਂ! …ਅਤੇ ਲੋਕ ਉਸ ਵਿੱਚ ਬਰਕਤ ਪਾਉਣ, ਸਾਰੀਆਂ ਕੌਮਂ ਉਹ ਨੂੰ ਧੰਨ ਆਖਣ!। (ਜ਼ਬੂਰ 72:8-17)।

ਦਾਊਦ ਦੇ ਨੇਮ ਦੇ ਸਮੇਂ ਉਮੀਦ ਇਹ ਸੀ ਕੀ ਦਾਊਦ ਦਾ ਘਰਾਨਾ ਪਰਮੇਸ਼ੁਰ ਦੇ ਪ੍ਰਤੀ ਭਰੋਸੇਯੋਗ ਹੋਵੇਗਾ ਅਤੇ ਰਾਜ ਵਧੇਗਾ ਅਤੇ ਛੁਟਕਾਰਾ ਲਿਆਵੇਗਾ ਅਤੇ ਸਾਰੀ ਧਰਤੀ ਉੱਤੇ ਭਰੋਸੇਮੰਦ ਲੋਕਾ ਦਾ ਰਾਜ ਹੋਵੇਗਾ।

ਦੁੱਖ ਦੀ ਗੱਲ ਇਹ ਹੈ, ਕਿ ਇਹ ਵੱਡੀ ਉਮੀਦ ਦਾਊਦ ਦੇ ਘਰਾਣੇ ਵਿੱਚੋਂ ਪੂਰੀ ਨਾ ਹੋ ਸਕੀ ਬਦੀ ਦੇ ਸਮੇਂ ਅਤੇ ਅਸਫ਼ਲ ਬਹਾਲੀ ਸਮੇਂ। ਪੂਰਤੀ ਦਾ ਸਮਾਂ ਹੋਣ ਦੀ ਬਜਾਏ, ਇਹ ਅਸਲ ਵਿੱਚ ਅਸਫ਼ਲਤਾ ਦਾ ਸਮਾਂ ਸੀ। ਇਹ ਸਮਾਂ ਧਰਤੀ ਉੱਤੇ ਪਰਮੇਸ਼ੁਰ ਦੇ ਲੋਕਾਂ ਦੇ ਰਾਜ ਲਈ ਇੱਕ ਭਿਆਨਕ ਝਟਕਾ ਬਣ ਗਿਆ। ਪਰਮੇਸ਼ੁਰ ਦਾ ਨਿਆਂ ਉਸਦੇ ਲੋਕਾਂ ਦੇ ਵਿਰੁੱਧ ਆਇਆ, ਅਤੇ ਉਸਨੇ ਉੱਤਰੀ ਅਤੇ ਦੱਖਣੀ ਰਾਜਾਂ ਨੂੰ ਉਹਨਾਂ ਦੀ ਧਰਤੀ ਤੋਂ ਬਾਹਰ ਅਤੇ ਗ਼ੁਲਾਮੀ ਵਿੱਚ ਭੇਜ

ਦਿੱਤਾ।

ਅਤੇ ਇਸ ਤੋਂ ਵੀ ਵੱਧ ਕੇ ਆਪਣੀ ਦਯਾ ਵਿੱਚ, ਪਰਮੇਸ਼ੁਰ ਨੇ ਕੁੱਝ ਗਿਣਤੀ ਵਿੱਚ ਇਸਰਾਏਲੀਆਂ ਨੂੰ ਵਾਪਿਸ ਲਿਆਂਦਾ। ਉਸਨੇ ਜ਼ਰੁੱਬਾਬਲ ਨੂੰ ਖੜਿਆਂ ਕੀਤਾ, ਜੋ ਦਾਊਦ ਦਾ ਅੰਸ ਸੀ, ਉਹ ਆਪਣੇ ਲੋਕਾਂ ਦਾ ਰਾਜਾ ਸੀ ਅਤੇ ਉਸਨੂੰ ਧਰਤੀ ਦੀਆਂ ਕੌਮਾਂ ਉੱਤੇ ਮਹਾਨ ਜਿੱਤ ਦੀ ਪੇਸ਼ਕਸ਼ ਕੀਤੀ। ਜਿਵੇਂ ਅਸੀਂ ਹੱਜਈ 2:7-9 ਵਿੱਚ ਪੜ੍ਹਦੇ ਹਾਂ:

> ਨਾਲੇ ਮੈਂ ਸਾਰੀਆਂ ਕੌਮਾਂ ਨੂੰ ਹਿਲਾ ਦਿਆਂਗਾ ਅਤੇ ਸਾਰੀਆਂ ਕੌਮਾਂ ਦੇ ਪਦਾਰਥ ਆਉਣਗੇ ਸੋ ਮੈਂ ਏਸ ਭਵਨ ਨੂੰ ਪਰਤਾਪ ਨਾਲ ਭਰ ਦਿਆਂਗਾਂ ... ਏਸ ਭਵਨ ਦੀ ਆਖਰੀ ਰੌਣਕ ਪਹਿਲੀ ਤੋ ਵਧੀਕ ਹੋਵੇਗੀ ... ਮੈਂ ਏਸ ਅਸਥਾਨ ਨੂੰ ਸ਼ਾਂਤੀ ਦਿਆਂਗਾ (ਹੱਜਈ 2:7-9)

ਜੇ ਇਸਰਾਏਲ ਵਫ਼ਾਦਾਰ ਹੁੰਦਾ, ਤਾਂ ਦਾਊਦ ਦੇ ਘਰਾਣੇ ਦੇ ਰਾਜ ਦੁਆਰਾ ਛੁਟਕਾਰੇ ਦੀ ਬਰਕਤ ਪੂਰੀ ਦੁਨੀਆਂ ਵਿੱਚ ਫੈਲਣੀ ਸ਼ੁਰੂ ਹੋ ਜਾਂਦੀ। ਪਰ ਵਾਰ-ਵਾਰ ਇਸਰਾਏਲੀ ਜਿਹੜੇ ਦੇਸ਼ ਨੂੰ ਵਾਪਸ ਪਰਤਦੇ ਸਨ, ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕਰਦੇ ਸਨ, ਤਾਂ ਜੋ ਬਰਕਤਾਂ ਅਤੇ ਵਿਸਥਾਰ ਦੀਆਂ ਪੇਸ਼ਕਸ਼ਾਂ ਕਦੇ ਵੀ ਸਾਕਾਰ ਨਾ ਹੋਈਆਂ। ਅਸਲ ਵਿੱਚ, ਬਹਾਲੀ ਇੱਕ ਬੁਰੀ ਅਸਫ਼ਲਤਾ ਸੀ।

ਇਸ ਬਿੰਦੂ ਤੇ ਮਸੀਹੀ ਬਾਈਬਲ ਦੇ ਧਰਮ-ਸ਼ਾਸਤਰੀ ਬਾਈਬਲ ਦੇ ਇਤਿਹਾਸ ਦੇ ਅੰਤਮ ਪੜਾਅ ਵੱਲ ਮੁੜਦੇ ਹਨ-ਨਵੇਂ ਨੇਮ ਵਿੱਚ ਇਤਿਹਾਸ ਦੀ ਸਿਖਰ। ਨਵਾਂ ਨੇਮ ਵਿਸ਼ਵਾਸੀਆਂ ਨੂੰ ਭਰੋਸਾ ਦਿਵਾਉਂਦਾ ਹੈ ਕਿ ਪਰਮੇਸ਼ੁਰ ਨੇ ਗ਼ੁਲਾਮੀ ਦੀਆਂ ਅਸਫਲਤਾਵਾਂ ਅਤੇ ਅਸਫ਼ਲ ਬਹਾਲੀ ਨੂੰ ਉਲਟਾਉਣ ਅਤੇ ਧਰਤੀ ਉੱਤੇ ਮੁਕਤੀ ਪ੍ਰਾਪਤ ਮਨੁੱਖਤਾ ਦੇ ਰਾਜ ਨੂੰ ਪੂਰਾ ਕਰਨ ਲਈ ਮਸੀਹ ਵਿੱਚ ਕੰਮ ਕੀਤਾ। ਯਿਸੂ ਗ਼ੁਲਾਮੀ ਦੇ ਸਰਾਪ ਨੂੰ ਉਲਟਾਉਣ ਲਈ ਆਇਆ ਸੀ, ਆਜ਼ਾਦੀ ਅਤੇ ਪਾਪ ਤੋਂ ਛੁਟਕਾਰਾ ਲਿਆਉਣ ਲਈ, ਤਾਂ ਜੋ ਉਸ ਦੀ ਪਾਲਣਾ ਕਰਨ ਵਾਲੇ ਉਸ ਨਾਲ ਧਰਤੀ ਉੱਤੇ ਰਾਜ ਕਰ ਸਕਣ। ਜਿਵੇਂ ਕਿ ਯਿਸੂ ਨੇ ਖੁਦ ਪਰਕਾਸ਼ ਦੀ ਪੋਥੀ 2:26 ਵਿੱਚ ਆਖਿਆ ਸੀ:

> ਜਿਹੜਾ ਜਿੱਤਣ ਵਾਲਾ ਹੈ ਅਤੇ ਜਿਹੜਾ ਅੰਤ ਤੋੜੀ ਮੇਰਿਆਂ ਕੰਮਾਂ ਦੀ ਪਾਲਨਾ ਕਰਦਾ ਹੈ ਉਹ ਨੂੰ ਮੈਂ ਕੌਮਾਂ ਉੱਤੇ ਇਖਤਿਆਰ ਦਿਆਂਗਾ (ਪਰਕਾਸ਼ ਦੀ ਪੋਥੀ 2:26)

> **ਸਾਨੂੰ ਵਾਪਿਸ ਜਾਣਾ ਹੈ ਅਤੇ ਕਲੀਸਿਯਾ ਦੇ ਇਤਿਹਾਸ ਨੂੰ ਸਮਝਣਾ ਹੈ ਕੀ ਕੀਸ ਤਰ੍ਹਾ ਪਰਮੇਸ਼ੁਰ ਕੰਮ ਕਰ ਰਿਹਾ ਸੀ, ਜੱਦ ਪਰਮੇਸ਼ੁਰ ਨੇ ਅਬਰਾਹਮ ਨੂੰ ਚੁਣਿਆਂ 2000 ਇਸਵੀ ਪੂਰਵ ਵਿੱਚ ਪਹਿਲਾਂ ਤੋ ਹੀ ਪਰਮੇਸ਼ੁਰ ਨੇ ਸਾਰੇ ਸੰਸਾਂਰ ਨੂੰ ਬਰਕਤ ਦੇਣ ਬਾਰੇ ਸੋਚ ਰਖਿਆਂ ਸੀ। ਪਰਮੇਸ਼ੁਰ ਨੇ ਇਕ ਮਨੁੱਖ ਦੇ ਚੁਣਾਵ ਵਿੱਚ ਸਾਰੇ ਸੰਸਾਂਰ ਨੂੰ ਬਰਕਤ ਦੇਣ ਜਾ ਰਿਹਾ ਹੈ। ਇਸ ਲਈ ਉਸਨੇ ਇਹ ਕੀਤਾ ਅਬਰਾਹਮ ਦੇ ਨਾਲ ਕੰਮ ਕਰਕੇ, ਅਬਰਾਹਮ ਨਾਲ ਇੱਕ ਸਬੰਧ ਬਣਾ ਕੇ ਅਤੇ ਉਸਨੂੰ ਸਥਾਪਿਤ ਕਰ ਕੇ, ਉਸ ਨੂੰ ਵੀਖਾ ਰਿਹਾ ਹੈ ਕਿ ਇਹ ਕਿਰਪਾ ਪੂਰੀ ਤਰ੍ਹਾਂ ਬੇਮਿਸਾਲ ਪ੍ਰਾਪਤ ਕਰਨੀ ਸੀ ਅਤੇ ਉਸਦੇ ਦੁਆਰਾ ਕੰਮ ਕਰਕੇ, ਉਸਦੇ ਪਰਿਵਾਰ ਦੁਆਰਾ ਨੇਮ ਦੇ ਸਬੰਦ ਵਿੱਚ ਕੰਮ ਕਰ ਕੇ ... ਤਾਂਕੀ ਜੱਦ ਮਸੀਹ ਆਵੇ— ਇਹ ਸਿਰਫ਼ ਯਹੂਦੀਆਂ ਲਈ ਹੀ ਨਾ ਹੋਵੇ, ਜਿਸਦਾ ਮਤਲਬ ਹੈ ਕੀ ਸਿਰਫ਼ ਅਬਰਾਹਮ ਅਤੇ ਉਸਦੀ ਔਲਾਦ ਲਈ ਹੀ ਨਾ ਹੋਵੇ, ਪਰ ਸਾਰੀ ਧਰਤੀ ਦੇ ਸਮਝਣ ਲਈ; ਕੀ ਉਹ ਸਾਰੀ ਧਰਤੀ ਦਾ ਪਰਮੇਸ਼ੁਰ ਹੈ- ਇਸ ਤੇਰਹ ਉਹ ਲੋਕਾਂ ਨਾਲ**

**ਸਬੰਧ ਰੱਖਦਾ ਹੈ। ਅਤੇ ਜਦ ਯਿਸੂ ਆਇਆ ਉਸਨੇ ਉਹ ਸਾਰਿਆ ਉਮੀਦਾਂ ਅਤੇ ਵਾਇਦੀਆਂ ਨੂੰ ਪੂਰਾ ਕੀਤਾ, ਤਾਂ ਜੋ ਨਵਾਂ ਨੇਮ ਇਹ ਆਖੇ ਕੀ ਅਬਰਾਹਮ ਉਸ ਦਿਨ ਦਾ ਇੰਤਜਾਰ ਕਰ ਰਿਹਾ ਸੀ, ਅਤੇ ਅਬਰਾਹਮ ਅਜੇ ਵੀ ਉਸ ਦਿਨ ਦਿ ਪੂਰਤੀ ਦੀ ਉਡੀਕ ਕਰ ਰਿਹਾ ਹੈ ਜਦ ਉਹ ਜਿਵਾਇਆ ਜਾਵੇਗਾ ਅਤੇ ਪੂਰੀ ਧਰਤੀ ਤੋਂ ਸਾਰੇ ਵਿਸ਼ਵਾਸੀ ਉਸਦੇ ਨਾਲ ਜਿਵਾਏ ਜਾਣਗੇ।**

**— ਡਾ ਕਲੇ ਕੁਆਰਟਰਮੈਨ**

ਇਹ ਸੰਖੇਪ ਉਦਾਹਰਨ ਇਤਿਹਾਸ ਦੇ ਬਾਈਬਲ ਦੇ ਅਭਿਲੇਖ ਦੇ ਕਈ ਤਰੀਕਿਆਂ ਵਿੱਚੋਂ ਸਿਰਫ਼ ਇੱਕ ਨੂੰ ਦਰਸਾਉਂਦੀ ਹੈ ਜੋ ਸਾਨੂੰ ਪੁਰਾਣੇ ਨੇਮ ਦੀ ਸਮਝ ਪ੍ਰਦਾਨ ਕਰਦੀ ਹੈ। ਪੁਰਾਣੇ ਨੇਮ ਦੇ ਇਤਿਹਾਸ ਨੂੰ ਵੇਖਣਾ ਕਿ ਇਹ ਵਿਵਰਣ ਕਰਦਾ ਹੈ ਪੁਰਾਣੇ ਨੇਮ ਦੇ ਸਿਧਾਂਤ ਦੀ ਮਹੱਤਤਾ ਨੂੰ ਸਮਝਣ ਦਾ ਇੱਕ ਮਹੱਤਵਪੂਰਣ ਤਰੀਕਾ ਹੈ।

ਹੁਣ ਜਦੋਂ ਅਸੀਂ ਇਹ ਬਣਾ ਲਿਆ ਹੈ ਕਿ ਅਸੀਂ ਆਪਣੇ ਰਾਜੇ ਦੇ ਵਚਨ ਨੂੰ ਕਿਵੇਂ ਪ੍ਰਾਪਤ ਕਰ ਸਕਦੇ ਹਾਂ ਜਦੋਂ ਅਸੀਂ ਪੁਰਾਣੇ ਨੇਮ ਦੇ ਕੈਨਨ ਨੂੰ ਸ਼ੀਸ਼ੇ ਦੇ ਰੂਪ ਵਿੱਚ ਅਤੇ ਇੱਕ ਬਾਰੀ ਦੇ ਰੂਪ ਵਿੱਚ ਵੇਖਦੇ ਹਾਂ, ਸਾਨੂੰ ਪੁਰਾਣੇ ਨੇਮ ਦੇ ਕੈਨਨ ਨੂੰ ਇੱਕ ਤਸਵੀਰ ਦੇ ਰੂਪ ਵਿੱਚ - ਸਾਹਿਤਕ ਦੇ ਸੰਗ੍ਰਹਿ ਦੇ ਰੂਪ ਵਿੱਚ ਅਪਣਾਉਣ ਦੇ ਵੱਲ ਧਿਆਨ ਦੇਣਾ ਚਾਹੀਦਾ ਹੈ।

## ਕੈਨਨ ਇਕ ਤਸਵੀਰ ਦੇ ਰੂਪ ਵਿੱਚ

ਹਰ ਕੋਈ ਪੁਰਾਣੇ ਨੇਮ ਤੋ ਜਾਣੂ ਹੈ ਕੀ ਇਹ ਸਾਡੇ ਕੋਲ ਵਿਸ਼ੇ ਜਾਂ ਘਟਨਾਵਾਂ ਦੀ ਸੂਚੀ ਲੈ ਕੇ ਨਹੀਂ ਆਇਆ। ਨਾਂ ਹੀ ਇਹ ਸਿਧੇ ਤੌਰ ਤੇ ਇਤਹਾਸਿਕ ਘਟਨਾਵਾਂ ਦੇ ਅਭਿਲੇਖ ਲੈ ਕੇ ਆਇਆ ਹੈ। ਹੁਣ ਅਸੀਂ ਪਹਿਲਾਂ ਤੋਂ ਹੀ ਪਾਠ ਵਿੱਚ ਆਖਿਆ ਹੈ ਕਿ ਪੁਰਾਣਾ ਨੇਮ ਸਾਨੂੰ ਹਰ ਪ੍ਰਕਾਰ ਦੇ ਵਿਸ਼ੇ ਤੇ ਅਧਿਕਾਰਿਤ ਅੰਸ਼ ਦਿੰਦਾ ਹੈ, ਅਤੇ ਇਹ ਸਾਨੂੰ ਇਤਿਹਾਸ ਦਾ ਸੱਚਾ ਅਭਿਲੇਖ ਦਿੰਦਾ ਹੈ। ਪਰ ਸਭ ਤੋ ਪਹਿਲਾ ਅਤੇ ਜ਼ਰੂਰੀ ਹੈ ਕੀ ਪੁਰਾਣੇ ਨੇਮ ਦੀਆਂ ਲਿਖਤਾਂ ਅਸਲ ਕੰਮਾ ਦੀ ਸੂਚੀ ਹੈ, ਇਕ ਕਿਤਾਬਾਂ ਦਾ ਸੰਗ੍ਰਹ ਜਿਵੇਂ ਇਹ ਪਹਿਲਾ ਵੀ ਸੀ। ਜਿਵੇਂ ਕਿ ਅਸੀਂ ਵੇਖਣ ਜਾ ਰਹੇ ਹਾਂ, ਬਾਈਬਲ ਦੇ ਲੇਖਕਾਂ ਨੇ ਇਹਨਾਂ ਬਾਈਬਲ ਦੀਆਂ ਕਿਤਾਬਾਂ ਵਿੱਚੋਂ ਹਰੇਕ ਦੀ ਸਮੱਗਰੀ ਅਤੇ ਬਣਤਰ ਨੂੰ ਖਾਸ ਤਰੀਕਿਆਂ ਨਾਲ ਪਰਮੇਸ਼ੁਰ ਦੇ ਨੇਮਾਂ ਦੀਆਂ ਨੀਤੀਆਂ ਨੂੰ ਅਧੀਨ ਕਰਕੇ ਪ੍ਰਾਚੀਨ ਇਸਰਾਏਲੀਆਂ ਨੂੰ ਪਰਮੇਸ਼ੁਰ ਦੇ ਰਾਜ ਨੂੰ ਅੱਗੇ ਵਧਾਉਣ ਲਈ ਸਿਖਾਉਣ ਲਈ ਲਿਖਿਆ। ਅਤੇ ਇਸ ਕਾਰਨ ਲਈ ਉਮਰ ਭਰ ਦੇ ਵਫ਼ਾਦਾਰ ਲੋਕਾਂ ਨੇ ਪੁਰਾਣੇ ਨੇਮ ਦੀਆਂ ਕਿਤਾਬਾਂ ਦੀਆਂ ਤਸਵੀਰਾਂ ਜਾਂ ਸਾਹਿਤਕ ਦੇ ਰੂਪ ਵਿੱਚ ਪਹੁੰਚ ਕੇ ਉਹਨਾਂ ਦੀ ਮਹੱਤਤਾ ਬਾਰੇ ਬਹੁਤ ਸਾਰੀ ਸਮਝ ਪ੍ਰਾਪਤ ਕੀਤੀ ਹੈ।

ਬਹੁਤ ਸਾਰੇ ਮਾਮਲਿਆਂ ਵਿੱਚ, ਇਸ ਤਰੀਕੇ ਨਾਲ ਪੁਰਾਣੇ ਨੇਮ ਦੀਆਂ ਤੱਕ ਪਹੁੰਚਣਾ ਇੱਕ ਅਜੀਬ ਘਰ ਵਿੱਚ ਜਾਣ ਵਰਗਾ ਹੈ। ਜੇਕਰ ਤੁਸੀਂ ਪਹਿਲਾ ਕਦੀ ਅਜੀਬ ਘਰ ਵਿੱਚ ਗਏ ਹੋ ਜਾਂ ਦ੍ਰਿਸ਼ ਕਲਾ ਦੇ ਪ੍ਰਦਰਸ਼ਨ ਵਿੱਚ ਗਏ ਹੋ ਤਾਂ ਤੁਸੀਂ ਜਾਣਦੇ ਹੋਵੋਗੇ ਕੀਸੇ ਮਾਹਿਰ ਕੋਲੋ ਸੁਨਣਾ ਕੋਈ ਆਮ ਗੱਲ ਨਹੀਂ ਹੈ ਜਾਂ ਇੱਥੋਂ ਤੱਕ ਕਿ ਇੱਕ ਸਾਥੀ ਦਰਸ਼ਕ ਵੀ, ਕਲਾਕਾਰਾਂ ਦੁਆਰਾ ਰੌਸ਼ਨੀ, ਰੰਗ, ਰੇਖਾ, ਰੂਪ ਅਤੇ ਲਿਖਤਾਂ ਦੀ ਵਰਤੋਂ ਵਰਗੀਆਂ ਚੀਜ਼ਾਂ ਵੱਲ ਇਸ਼ਾਰਾ ਕਰਦਾ ਹੈ। ਅਤੇ ਉਹ ਅਕਸਰ ਇਹ ਗੱਲ ਕਰਦੇ ਰਹਿੰਦੇ ਹਨ ਕਿ ਇਹ ਕਲਾਤਮਕ ਤੱਤ ਕਿਵੇਂ ਪ੍ਰਗਟ ਕਰਦੇ ਹਨ ਕਿ ਕਲਾਕਾਰ "ਕਹਿਣ"

ਦੀ ਕੋਸ਼ਿਸ਼ ਕਰ ਰਿਹਾ ਸੀ। ਕੀ ਕਲਾਕਾਰ ਦਾ ਮਕਸਦ ਧਾਰਮਿਕ ਸੀ? ਕੀ ਇਹ ਸਿਆਸੀ ਸੀ? ਕੀ ਕਲਾਕਾਰ ਕੁੱਝ ਆਦਰਸ਼ ਦਾ ਗੁਣਗਾਨ ਕਰ ਰਿਹਾ ਸੀ? ਕੁੱਝ ਬੁਰਾਈ ਜਾਂ ਬੇਇਨਸਾਫ਼ੀ ਦਾ ਪਰਦਾਫਾਸ਼ ਕਰਨਾ? ਦੀ ਸੂਚੀ ਜਾਰੀ ਹੈ।

ਇਸ ਤਰ੍ਹਾਂ ਦੇ ਸਵਾਂਲਾ ਦਾ ਜਵਾਬ ਦੇਣ ਲਈ, ਕਲਾ ਦੇ ਆਲੋਚਕ ਅਕਸਰ ਚਿੱਤਰਕਾਰੀ ਦੇ ਚਿੱਤਰਫਲਕ ਦੇਣ ਵਾਲੇ ਨਾਲੋਂ ਕਿਤੇ ਜ਼ਿਆਦਾ ਧਿਆਨ ਵਿੱਚ ਰੱਖਦੇ ਹਨ। ਉਹ ਪੁੱਛਦੇ ਹਨ ਕਲਾਕਾਰ ਕੌਣ ਸੀ?" "ਕਲਾਕਾਰਾਂ ਦੇ ਅਨੁਭਵਾਂ ਨੇ ਉਸਦੀ ਦੀ ਕਲਾ ਨੂੰ ਕਿਵੇਂ ਪ੍ਰਭਾਵੀਤ ਕੀਤਾ?" ਅਤੇ ਉਹ ਇਹ ਵੀ ਪੁਛਦੇ ਹਨ, ਕਿਸ ਲਈ ਕਲਾ ਬਣਾਈ ਗਈ ਹੈ?" "ਕਲਾਕਾਰਾਂ ਨੇ ਦੂਜਿਆਂ ਦੇ ਵੀਸ਼ਵਾਸਾਂ, ਕਿਰਿਆਵਾਂ ਅਤੇ ਭਾਵਨਾਵਾਂ ਨੂੰ ਪ੍ਰਭਾਵੀਤ ਕਰਨ ਲਈ ਆਪਣੀ ਕਲਾ ਨੂੰ ਕਿਵੇਂ ਸਾਂਚਿਆ ਹੈ?"

ਇਸੇ ਤਰ੍ਹਾਂ, ਅਸੀਂ ਪੁਰਾਣੇ ਨੇਮ ਦੀਆਂ ਕਿਤਾਬਾਂ ਨੂੰ ਤਸਵੀਰਾਂ ਦੇ ਰੂਪ ਵਿੱਚ ਜਾਣ ਦੀ ਗੱਲ ਕਰ ਸਕਦੇ ਹਾਂ। ਜੋ ਕੁੱਝ ਪੁਰਾਣੇ ਨੇਮ ਦੀ ਕਿਤਾਬਾਂ ਦੇ ਵਰਕਿਆਂ ਉੱਤੇ ਆਉਂਦਾ ਹੈ ਅਸੀਂ ਸਿਰਫ਼ ਇਸਨੂੰ ਲੇਖ ਦੇ ਤੌਰ ਤੇ ਨਹੀਂ ਲੈ ਸਕਦੇ, ਪਰ ਅਸੀਂ ਪੁਰਾਣੇ ਨੇਮ ਦੇ ਲੇਖਕਾਂ ਦੇ ਜੀਵਣ ਅਤੇ ਉਹਨਾ ਦੀ ਅਸਲ ਦਰਸ਼ਕਾ ਦੀ ਜ਼ਰੂਰਤ ਨੂੰ ਵੀ ਧਿਆਣ ਵਿੱਚ ਰਖਦੇ ਹਾਂ, ਅਸੀਂ ਇਸ ਰਣਨੀਤੀ ਨੂੰ "ਸਾਹਿਤਕ ਵਿਸ਼ਲੇਸ਼ਣ" ਆਖਦੇ ਹਨ ਕਿਉਂਕਿ ਇਹ ਇਸ ਗੱਲ ਤੇ ਕੇਂਦ੍ਰਤ ਕਰਦਾ ਹੈ ਕਿ ਕਿਵੇਂ ਬਾਈਬਲ ਦੇ ਲੇਖਕਾਂ ਨੇ ਆਪਣੀਆਂ ਕਿਤਾਬਾਂ ਨੂੰ ਪਰਮੇਸ਼ੁਰ ਦੇ ਲੋਕਾਂ ਦੇ ਵਿਸ਼ਵਾਸਾਂ, ਕਿਰਿਆਵਾਂ ਅਤੇ ਭਾਵਨਾਵਾਂ ਨੂੰ ਪ੍ਰਭਾਵੀਤ ਕਰਨ ਲਈ ਤਿਆਰ ਕੀਤਾ ਹੈ ਜਿਨ੍ਹਾਂ ਲਈ ਉਨ੍ਹਾਂ ਨੇ ਪਹਿਲੀ ਵਾਰ ਲਿਖਿਆ ਸੀ।

ਇਹ ਪੜਚੋਲ ਕਰਨ ਲਈ ਕਿ ਸਾਹਿਤਕ ਵਿਸ਼ਲੇਸ਼ਣ ਦੁਆਰਾ ਪੁਰਾਣੇ ਨੇਮ ਦੀਆਂ ਕਿਤਾਬਾਂ ਨੂੰ ਤਸਵੀਰਾਂ ਦੇ ਰੂਪ ਵਿੱਚ ਕਿਵੇਂ ਮੰਨਿਆ ਜਾ ਸਕਦਾ ਹੈ, ਅਸੀਂ ਉਹੀ ਪਹੁੰਚ ਅਪਣਾਵਾਂਗੇ ਜੋ ਅਸੀਂ ਪਹਿਲਾਂ ਅਪਣਾਇਆ ਹੈ। ਪਹਿਲਾਂ, ਅਸੀਂ ਇਸ ਤਰੀਕੇ ਨਾਲ ਪੁਰਾਣੇ ਨੇਮ ਤੱਕ ਪਹੁੰਚਣ ਲਈ ਆਧਾਰ ਬਾਰੇ ਗੱਲ ਕਰਾਂਗੇ। ਦੂਜਾ, ਅਸੀਂ ਇਸ ਰਣਨੀਤੀ ਦੇ ਕੇਂਦਰ ਨੂੰ ਵੇਖਾਂਗੇ। ਆਓ ਸਭ ਤੋਂ ਪਹਿਲਾਂ ਸਾਹਿਤਕ ਵਿਸ਼ਲੇਸ਼ਣ ਦੇ ਆਧਾਰ ਤੇ ਨਜ਼ਰ ਮਾਰੀਏ।

## ਆਧਾਰ

ਸਾਹਿਤਕ ਵਿਸ਼ਲੇਸ਼ਣ ਦੇ ਅਧਾਰ ਨੂੰ ਵੇਖਣ ਦੇ ਬਹੁਤ ਸਾਰੇ ਤਰੀਕੇ ਹਨ, ਪਰ ਸਾਡੇ ਉਦੇਸ਼ ਲਈ ਅਸੀਂ ਆਪਣੇ ਆਪ ਨੂੰ ਦੋ ਤੱਥਾਂ ਤੇ ਸੀਮਿਤ ਰਖਾਂਗੇਂ: ਪਹਿਲਾ ਪਵਿੱਤਰ ਸ਼ਾਸਤਰ ਦਾ ਪਾਤਰ ਅਤੇ ਦੂਜਾ ਬਾਈਬਲ ਦੇ ਲੇਖਕਾਂ ਅਤੇ ਅਧਿਕਾਰਿਤ ਪਾਤਰਾਂ ਦੀਆਂ ਉਦਾਹਰਣਾਂ। ਆਓ ਪਹਿਲਾਂ ਵਿਚਾਰ ਕਰੀਏ ਕਿ ਪੁਰਾਣੇ ਨੇਮ ਦਾ ਪਾਤਰ ਸਾਹਿਤਕ ਚਿਤੱਰ ਵਜੋਂ ਪੁਰਾਣੇ ਨੇਮ ਦੀਆਂ ਕਿਤਾਬਾਂ ਤੱਕ ਪਹੁੰਚਣ ਦੇ ਮੁੱਲ ਨੂੰ ਕਿਵੇਂ ਦਰਸਾਉਂਦਾ ਹੈ।

### ਪਵਿੱਤਰ ਸ਼ਾਸਤਰ ਦਾ ਪਾਤਰ

ਸਾਹਿਤਕ ਵਿਸ਼ਲੇਸ਼ਣ ਪੁਰਾਣੇ ਨੇਮ ਦੇ ਕੈਨਨ ਦੀਆਂ ਘੱਟੋ-ਘੱਟ ਤਿੰਨ ਸਪੱਸ਼ਟ ਵਿਸ਼ੇਸ਼ਤਾਵਾਂ ਤੇ ਅਧਾਰਿਤ ਹੈ। ਪਹਿਲਾ ਕੈਨਨ ਸਾਡੇ ਕੋਲ ਆਉਦਾ ਹੈ ਕਿਤਾਬਾਂ ਵਿੱਚੋ ਜਾਂ ਸਾਹਿਤਕ ਇਕਾਈਆਂ ਤੋ। ਪੁਰਾਣਾ ਨੇਮ ਮੁਕਾਬਲਤਨ ਸੁਤੰਤਰ ਸਕਰੋਲਾਂ ਜਾਂ ਕਿਤਾਬਾਂ ਦਾ ਸੰਗ੍ਰਹਿ ਹੈ ਜੋ 1000 ਸਾਲਾਂ ਦੀ ਮਿਆਦ ਵਿੱਚ ਪ੍ਰਾਚੀਨ ਇਸਰਾਏਲ ਦੀਆਂ ਲੋੜਾਂ ਨੂੰ ਸੰਬੋਧਿਤ ਕਰਨ ਲਈ ਲਿਖੀਆਂ ਗਈਆਂ ਸਨ। ਆਧੁਨਿਕ ਬਾਈਬਲ ਦੇ ਵੀਸ਼ਾ-ਵਸਤੂ ਸਾਰਣੀ ਤੇ ਇੱਕ ਝਾਤ ਮਾਰਨ ਤੋਂ ਪਤਾ

ਲੱਗਦਾ ਹੈ ਕਿ ਇਸ ਵਿੱਚ 39 ਕਿਤਾਬਾਂ ਹਨ। ਬਾਈਬਲ ਦੇ ਜ਼ਿਆਦਾਤਰ ਵਿਦਿਆਰਥੀ ਪੁਰਾਣੇ ਨੇਮ ਦੀਆਂ ਕਿਤਾਬਾਂ ਦੀ ਰਵਾਇਤੀ ਸੂਚੀ ਤੋਂ ਜਾਣੂ ਹਨ, ਪਰ ਸਾਨੂੰ ਇਹਨਾਂ ਸਾਹਿਤਕ ਇਕਾਈਆਂ ਬਾਰੇ ਕਈ ਵਿਸ਼ੇਸ਼ਤਾਵਾਂ ਦਾ ਜ਼ਿਕਰ ਕਰਨਾ ਚਾਹੀਦਾ ਹੈ।

ਸ਼ੁਰੂ ਕਰਨ ਲਈ, ਸਾਨੂੰ ਪੁਰਾਣੇ ਨੇਮ ਦੀਆਂ ਕਿਤਾਬਾਂ ਦੇ ਨਾਵਾਂ ਵਿੱਚ ਬਹੁਤ ਜ਼ਿਆਦਾ ਭੰਡਾਰ ਨਹੀਂ ਪਾਉਣਾ ਚਾਹੀਦਾ ਕਿਉਂਕਿ ਉਹ ਅਸਲੀ ਨਹੀਂ ਸਨ। ਕੁੱਝ ਸਿਰਲੇਖ ਪੁਰਾਣੀਆਂ ਯਹੂਦੀ ਰੀਤਾਂ ਤੋਂ ਆਉਂਦੇ ਹਨ, ਕੁੱਝ ਸੈਪਟੁਜਿੰਟ ਤੋਂ ਆਉਂਦੇ ਹਨ - ਪੁਰਾਣੇ ਨੇਮ ਦਾ ਪ੍ਰਾਚੀਨ ਯੂਨਾਨੀ ਅਨੁਵਾਦ - ਅਤੇ ਸਾਡੀਆਂ ਆਧੁਨਿਕ ਬਾਈਬਲਾਂ ਵਿੱਚ ਕੁੱਝ ਸਿਰਲੇਖ ਬਹੁਤ ਬਾਅਦ ਦੀਆਂ ਮਸੀਹੀ ਰੀਤਾਂ ਤੋਂ ਆਉਂਦੇ ਹਨ।

ਸਾਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ 1 ਅਤੇ 2 ਸਮੂਏਲ, 1 ਅਤੇ 2 ਰਾਜਾ ਅਤੇ 1 ਅਤੇ 2 ਇਤਿਹਾਸ ਅਸਲ ਵਿੱਚ ਸਿਰਫ਼ ਤਿੰਨ ਕਿਤਾਬਾਂ ਸਨ: ਸੈਮੂਅਲ, ਰਾਜਾ ਅਤੇ ਇਤਿਹਾਸ। ਇਸੇ ਤਰ੍ਹਾਂ, ਬਹੁਤ ਸਾਰੇ ਅਨੁਵਾਦਕਾਂ ਨੇ ਦਲੀਲ ਦਿੱਤੀ ਹੈ ਕਿ ਅਜ਼ਰਾ ਅਤੇ ਨਹਮਯਾਹ ਵੀ ਅਸਲ ਵਿੱਚ ਇੱਕ ਕਿਤਾਬ ਸਨ। ਜਿਵੇਂ ਕਿ ਅਸੀਂ ਸਾਹਿਤਕ ਵਿਸ਼ਲੇਸ਼ਣ ਦੇ ਮੱਦੇਨਜ਼ਰ ਪੁਰਾਣੇ ਨੇਮ ਨੂੰ ਪੜ੍ਹਦੇ ਹਾਂ ਅਸੀਂ ਸਿਧਾਂਤ ਦੀਆਂ ਇਕਾਈਆਂ ਨੂੰ ਧਿਆਨ ਵਿੱਚ ਰੱਖਣਾ ਚਾਹੁੰਦੇ ਹਾਂ ਜਿਵੇਂ ਕਿ ਉਹ ਅਸਲ ਵਿੱਚ ਦਿੱਤੀਆਂ ਗਈਆਂ ਸਨ।

ਅਤੇ ਜਿਵੇਂ ਅਸੀਂ ਪੁਰਾਣੇ ਨੇਮ ਦੀਆਂ ਲਿਖਤਾਂ ਬਾਰੇ ਸੋਚਦੇ ਹਾਂ ਤਾਂ ਇਹ ਵੀ ਜ਼ਰੂਰੀ ਹੈ ਕੀ ਅਸੀਂ ਬਹੁਤ ਜਿਆਦਾ ਕਿਤਾਬਾਂ ਦੇ ਪ੍ਰਬੰਧ ਉੱਤੇ ਨਿਰਭਰ ਨਾਂ ਰਹਿਏ। ਪੁਰਾਣੇ ਨੇਮ ਦਿ ਕਿਤਾਬਾਂ ਦੇ ਕ੍ਰਮ ਵੀਚ ਇਤਾਹਸ ਦੇ ਬਿਤਣ ਅਨੁਸਾਰ ਬਦਲਾਵ ਆਯਾ ਹੈ।

ਪਹਿਲੀ ਸਦੀ ਵਿੱਚ ਜੋਸੇਫਸ ਦੇ ਰੂਪ ਵਿੱਚ, ਯਹੂਦੀ ਭਾਈਚਾਰਿਆਂ ਨੇ ਪੁਰਾਣੇ ਨੇਮ ਨੂੰ ਤਿੰਨ ਵੱਡੇ ਭਾਗਾਂ ਵਿੱਚ ਵੰਡਿਆ ਹੈ: ਬਿਵਸਥਾ, ਤੋਰਹ (תּוֹרָה) ਇਬਰਾਨੀ ਵਿੱਚ; ਭਵਿੱਖਵਕਤਾ, ਜਾਂ ਨਬੀ (נְבִאִים) ਇਬਰਾਨੀ ਵਿੱਚ; ਅਤੇ ਲਿਖਤਾ, ਜਾਂ ਕੇਤੂਵਿਮ (כְּתוּבִים) ਇਬਰਾਨੀ ਵਿੱਚ। ਇਸੇ ਕਰਕੇ, ਸਦੀਆਂ ਤੋਂ, ਯਹੂਦੀ ਭਾਈਚਾਰਿਆਂ ਨੇ ਇਬਰਾਨੀ ਬਾਈਬਲ ਨੂੰ ਤਨਾਖ (Tanakh) ਆਖਿਆ ਹੈ। -"ਟੀ" ਮੂਸਾ ਦੀ ਬਿਵਸਥਾ ਲਈ ਪੈਂਟਾਟੁਕ, ਨਬੀਆਂ ਲਈ "ਐਨ", ਅਤੇ ਲਿਖਤਾਂ ਲਈ "ਕੇ"। — "ਨਵਾਂ ਨੇਮ ਇਸ ਪਰੰਪਰਾ ਨੂੰ ਆਪਣੇ ਤਰੀਕੇ ਨਾਲ ਦਰਸਾਉਂਦਾ ਹੈ, ਕਈ ਵਾਰ ਪੂਰੇ ਪੁਰਾਣੇ ਨੇਮ ਨੂੰ "ਬਿਵਸਥਾ ਅਤੇ ਨਬੀ" ਜਾਂ "ਬਿਵਸਥਾ, ਨਬੀ ਅਤੇ ਜ਼ਬੂਰ" ਵਜੋਂ ਦਰਸਾਉਂਦਾ ਹੈ। — ਲਿਖਤਾਂ ਵਿੱਚ ਪਹਿਲੀ ਕਿਤਾਬ।

ਪਰ ਵੱਡੇ ਪੱਧਰ ਤੇ, ਮਸੀਹੀ ਚਰਚ ਨੇ ਪੁਰਾਣੇ ਨੇਮ ਦੀਆਂ ਕਿਤਾਬਾਂ ਨੂੰ ਸੈਪਟੁਜਿੰਟ, ਯੂਨਾਨੀ ਪੁਰਾਣੇ ਨੇਮ ਦੇ ਅਨੁਸਾਰ ਕ੍ਰਮਬਧ ਕਿਤੇ। ਤਨਾਖ ਦੇ ਕ੍ਰਮ ਦੇ ਅਨੁਸਾਰ ਚਲਣ ਦੀ ਬਜਾਏ ਅਸੀਂ ਅਕਸਰ ਬਿਵਸਥਾ ਬਾਰੇ ਗੱਲ ਕਰਦੇ ਹਾਂ ਜਾਂ ਪੈਟਾਂਟੁਕ; ਇਤਹਾਸਿਕ ਕਿਤਾਬਾਂ- ਯਹੋਸ਼ੁਆ ਤੋਂ ਅਸਤਰ ਤਕ; ਕਵਿਤਾਵਾਂ ਦੀਆਂ ਕਿਤਾਬਾਂ ਆਯੂਬ ਤੋ ਸਰੇਸ਼ਟ ਗੀਤ ਤੱਕ; ਅਤੇ ਨਬੀ ਯਸਾਯਾਹ ਤੋਂ ਮਲਾਕੀ।

ਪੁਰਾਣੇ ਨੇਮ ਦੀਆਂ ਲਿਖਤਾਂ ਦੀਆਂ ਕਿਤਾਬਾਂ ਦੇ ਕ੍ਰਮ ਵਿੱਚ ਇਹ ਭਿੰਨਤਾਵਾਂ ਪੁਰਾਣੇ ਨੇਮ ਦੇ ਸਾਹਿਤਕ ਪਹੁੰਚ ਲਈ ਇੱਕ ਬਹੁਤ ਮਹੱਤਵਪੂਰਨ ਚੀਜ਼ ਨੂੰ ਪ੍ਰਗਟ ਕਰਦੀਆਂ ਹਨ। ਪੁਰਾਣੇ ਨੇਮ ਦੀਆਂ ਕਿਤਾਬਾਂ ਅਸਲ ਵਿੱਚ ਮੁਕਾਬਲਤਨ ਸੁਤੰਤਰ ਸਾਹਿਤਕ ਰਚਨਾਵਾਂ ਸਨ। ਇਸ ਲਈ, ਜਦੋਂ ਅਸੀਂ ਇੱਕ ਤਸਵੀਰ ਦੇ ਰੂਪ ਵਿੱਚ ਪੁਰਾਣੇ ਨੇਮ ਦੇ ਕੈਨਨ ਤੱਕ ਪਹੁੰਚਦੇ ਹਾਂ, ਤਾਂ ਸਾਨੂੰ ਸਭ ਤੋਂ ਪਹਿਲਾਂ, ਹਰੇਕ ਕਿਤਾਬ ਨੂੰ ਇੱਕ ਇਕਾਈ ਦੇ ਰੂਪ ਵਿੱਚ ਸਮਝਣ ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਅਸੀਂ ਉਤਪਤ ਦੀ ਕਿਤਾਬ ਨੂੰ ਉਤਪਤ ਦੀ ਕਿਤਾਬ ਦੇ ਰੂਪ ਵਿੱਚ ਇਸਦੇ ਆਪਣੇ ਵੱਖਰੇ ਢਾਂਚੇ ਅਤੇ ਧਰਮ ਸ਼ਾਸਤਰੀ ਚਿੰਤਾਵਾਂ ਦੇ ਨਾਲ ਵੇਖਦੇ ਹਾਂ; ਕੂਚ ਦੀ ਕਿਤਾਬ ਦੇ ਰੂਪ ਵਿੱਚ ਕੂਚ ਦੀ ਕਿਤਾਬ, ਆਦਿ।

**ਜ਼ਿਆਦਾਤਰ ਹਿੱਸੇ ਲਈ ਬਾਈਬਲ ਦੀ ਮੂਲ ਸਾਹਿਤਕ ਇਕਾਈ – ਤੁਹਾਨੂੰ ਕੁਝ ਅਪਵਾਦ ਜਿਵੇਂ ਕਿ ਜ਼ਬੂਰਾਂ ਦੀ ਕਿਤਾਬ ਜਾਂ ਜ਼ਬੂਰ ਦੀ ਕਿਤਾਬ ਮਿਲ ਸਕਦੀ ਹੈ – ਪਰ ਜ਼ਿਆਦਾਤਰ ਹਿੱਸੇ ਲਈ, ਬਾਈਬਲ ਦੀ ਮੂਲ ਸਾਹਿਤਕ ਇਕਾਈ ਬਾਈਬਲ ਦੀ ਕਿਤਾਬ ਹੈ। ਲੇਖਕਾ ਨੇ ਯੋਜਨਾ ਬਣਾ ਕੇ ਕਿਤਾਬਾਂ ਨੂੰ ਲਿਖਿਆ ਸੀ। ਅਤੇ ਇਸਦਾ ਅਰਥ ਹੈ, ਫਿਰ, ਉਹ ਪ੍ਰਸੰਗ ਕੇਵਲ ਉਹਨਾਂ ਅੰਸ਼ਾਂ ਤੱਕ ਸੀਮਤ ਨਹੀਂ ਹੈ ਜੋ ਤੁਰੰਤ ਪਹਿਲਾਂ ਅਤੇ ਪਾਲਣਾ ਕਰਦੇ ਹਨ, ਜੋ ਕਿ ਬੇਸ਼ੱਕ ਇਹ ਹੈ, ਅਤੇ ਇਹ ਬਹੁਤ ਮਹੱਤਵਪੂਰਨ ਹੈ। ਪਰ ਅਸਲ ਵਿੱਚ, ਇਹ ਦੇਖਣਾ ਮਹੱਤਵਪੂਰਨ ਹੈ ਕਿ ਇੱਕ ਪਾਠ ਕਿਵੇਂ ਕੰਮ ਕਰਦਾ ਹੈ, ਇਹ ਪੂਰੀ ਕਿਤਾਬ ਵਿੱਚ ਕੀ ਭੂਮਿਕਾ ਨਿਭਾਉਂਦਾ ਹੈ ਜਿਸਦਾ ਇਹ ਇੱਕ ਹਿੱਸਾ ਹੈ।**

**— ਡਾ ਡੇਵੀਡ ਆਰ ਬਾਉਰ**

ਪੁਰਾਣੇ ਨੇਮ ਦੀ ਦੂਜੀ ਵਿਸ਼ੇਸ਼ਤਾ ਜੋ ਸਾਹਿਤਕ ਵਿਸ਼ਲੇਸ਼ਣ ਦੇ ਮਹੱਤਵ ਨੂੰ ਦਰਸਾਉਂਦੀ ਹੈ, ਇਹ ਤੱਥ ਹੈ ਕਿ ਪੁਰਾਣੇ ਨੇਮ ਦੀਆਂ ਕਿਤਾਬਾਂ ਵਧੀਆ ਸਾਹਿਤਕ ਗੁਣਾਂ ਨੂੰ ਪ੍ਰਦਰਸ਼ਿਤ ਕਰਦੀਆਂ ਹਨ। ਆਮ ਅਨੁਭਵ ਤੋਂ, ਅਸੀਂ ਸਾਰੇ ਜਾਣਦੇ ਹਾਂ ਕਿ ਕੁੱਝ ਲਿਖਤਾਂ ਨੂੰ ਦੂਜਿਆਂ ਨਾਲੋਂ ਆਪਣੀ ਸਾਹਿਤਕ ਕਲਾ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੁੰਦੀ ਹੈ। ਇਹ ਅਜੀਬ ਹੋਵੇਗਾ, ਉਦਾਹਰਨ ਲਈ, ਇੱਕ ਕਵੀਤਾ ਦੇ ਭੜਕਣ ਨਾਲ ਲਿਖੀ ਇੱਕ ਖਰੀਦਦਾਰੀ ਸੂਚੀ ਲੱਭਣ ਲਈ. ਇੱਕ ਤੇਜ਼ ਗਿਆਪਣ ਨੂੰ ਆਮ ਤੌਰ ਤੇ ਇੱਕ ਵਿਖਿਆਤਮਿਕ ਨਾਵਲ ਦੇ ਰੂਪ ਵਿੱਚ ਗੁੰਝਲਦਾਰ ਢੰਗ ਨਾਲ ਤਿਆਰ ਨਹੀਂ ਕੀਤਾ ਜਾਂਦਾ ਹੈ। ਜਦੋਂ ਅਸੀਂ ਸਧਾਰਨ ਲਿਖਤਾਂ ਤੇ ਆਉਂਦੇ ਹਾਂ, ਤਾਂ ਸਾਨੂੰ ਆਮ ਤੌਰ ਤੇ ਉਨ੍ਹਾਂ ਦੇ ਸਾਹਿਤਕ ਗੁਣਾਂ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਨਹੀਂ ਹੁੰਦੀ ਹੈ। ਪਰ ਜਦੋਂ ਅਸੀਂ ਇੱਕ ਵਧੀਆ ਨਾਵਲ ਜਾਂ ਕਵਿਤਾ ਪੜ੍ਹਦੇ ਹਾਂ, ਜੇਕਰ ਅਸੀਂ ਸਮਝ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਲੇਖਕ ਦੀਆਂ ਸਾਹਿਤਿਕ ਤਕਨੀਕਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

ਜਿਵੇਂ ਕਿ ਇਹ ਪਤਾ ਚਲਦਾ ਹੈ, ਪੁਰਾਤੱਤਵ-ਵਿਗਿਆਨੀਆਂ ਨੇ ਬਾਈਬਲ ਦੇ ਸਮੇਂ ਵਿੱਚ ਹੋਰ ਸਭਿਆਚਾਰਾਂ ਤੋਂ ਲਿਖਤੀ ਸਮੱਗਰੀ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਖੋਜ ਕੀਤੀ ਹੈ। ਸਾਡੇ ਕੋਲ ਪਤਰਿਆਂ, ਸੂਚਿਆਂ, ਰਸੀਦਾਂ ਹਨ ਅਤੇ ਇਸੇ ਤਰ੍ਹਾਂ ਜ਼ਿਆਦਾ ਸਾਹਿਤਕ ਜਟਿਲਤਾ ਦਾ ਪ੍ਰਦਰਸ਼ਨ ਨਾ ਕਰੋ। ਪਰ ਸਾਡੇ ਕੋਲ ਪ੍ਰਾਚੀਨ ਨਜ਼ਦੀਕੀ ਪੂਰਬ ਤੋਂ ਸ਼ਾਨਦਾਰ ਗੁੰਝਲਦਾਰ ਸਾਹਿਤਕ ਰਚਨਾਵਾਂ ਵੀ ਹਨ। ਬਾਈਬਲ ਦੇ ਦਿਨਾਂ ਦੀਆਂ ਮਹਾਨ ਸੰਸਕ੍ਰਿਤੀਆਂ ਵਿੱਚ ਵਿਖਿਆਤਮਿਕ ਮਿਥਿਹਾਸ ਅਤੇ ਕਥਾਵਾਂ, ਗੁੰਝਲਦਾਰ ਕਾਨੂੰਨੀ ਦਸਤਾਵੇਜ਼ ਅਤੇ ਗੁੰਝਲਦਾਰ ਰਸਮੀ ਪਾਠ ਸਨ। ਇਹ ਸਾਹਿਤਕ ਰਚਨਾਵਾਂ ਸਨ ਜੋ ਬਹੁਤ ਧਿਆਨ ਨਾਲ ਤਿਆਰ ਕੀਤੀਆਂ ਗਈਆਂ ਸਨ।

ਬਿਨਾਂ ਸ਼ੱਕ, ਪੁਰਾਣੇ ਨੇਮ ਦੀਆਂ ਕਿਤਾਬਾਂ ਸਭ ਤੋਂ ਵਿਖਿਆਤਮਿਕ ਸਾਹਿਤਕ ਰਚਨਾਵਾਂ ਵਿੱਚੋਂ ਇੱਕ ਹਨ ਜੋ ਅਸੀਂ ਪ੍ਰਾਚੀਨ ਸੰਸਾਰ ਤੋਂ ਜਾਣਦੇ ਹਾਂ। ਜ਼ਿਆਦਾਤਰ ਮਾਪਦੰਡਾਂ ਦੁਆਰਾ, ਪੁਰਾਣੇ ਨੇਮ ਦੀਆਂ ਕਿਤਾਬਾਂ ਪ੍ਰਾਚੀਨ ਸੰਸਾਰ ਦੇ ਮਹਾਨ ਸਭਿਆਚਾਰਾਂ ਦੇ ਮਹਾਨ ਸਾਹਿਤ ਦੀ ਕਲਾਤਮਕਤਾ ਦੇ ਬਰਾਬਰ ਜਾਂ ਪਾਰ ਕਰਦੀਆਂ ਹਨ। ਪੁਰਾਣੇ ਨੇਮ ਦੀਆਂ ਕਿਤਾਬਾਂ ਦੇ ਇਹਨਾਂ ਵਧੀਆ ਸਾਹਿਤਕ ਗੁਣਾਂ ਨੂੰ ਸਮਝਣਾ ਸਾਨੂੰ ਇਹ ਸਮਝਣ ਦੇ ਯੋਗ ਬਣਾਉਂਦਾ ਹੈ ਕਿ ਪੁਰਾਣੇ ਨੇਮ ਦੇ ਲੇਖਕਾਂ ਨੇ ਆਪਣੇ ਦਰਸ਼ਕਾਂ ਦੇ ਜੀਵਨ ਨੂੰ ਕਿਵੇਂ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ।

ਤੀਜਾ ਕਾਰਨ ਸਾਨੂੰ ਪੁਰਾਣੇ ਨੇਮ ਦੇ ਸਾਹਿਤਕ ਵਿਸ਼ਲੇਸ਼ਣ ਦਾ ਪਿੱਛਾ ਕਰਨਾ ਚਾਹੀਦਾ ਹੈ ਕਿਉਂਕਿ ਇਸਦੀ ਸਾਹਿਤਕ ਵੀਭਿੰਨਤਾ ਹੈ। ਪੁਰਾਣੇ ਨੇਮ ਦਾ ਕੈਨਨ ਇੱਕ ਸਮਤਲ ਇਲਾਕਾ ਨਹੀਂ ਹੈ ਜਿਸ ਵਿੱਚ ਹਰ ਪੰਨੇ ਤੇ ਇੱਕੋ ਕਿਸਮ ਦੀ ਲਿਖਤ ਹੁੰਦੀ ਹੈ। ਇਸ ਦੀ ਬਜਾਏ, ਇਹ ਪਹਾੜਾਂ, ਨਦੀਆਂ, ਝੀਲਾਂ, ਉਪਜਾਊ ਮੈਦਾਨਾਂ, ਮਾਰੂਥਲਾਂ ਅਤੇ ਸਮੁੰਦਰਾਂ ਦੇ

ਵੀਭਿੰਨ ਭੂ-ਦ੍ਰਿਸ਼ ਵਾਂਗ ਹੈ। ਦੂਜੇ ਸ਼ਬਦਾਂ ਵਿੱਚ, ਪੁਰਾਣੇ ਨੇਮ ਦੀਆਂ ਕਿਤਾਬਾਂ ਸਾਹਿਤ ਦੀਆਂ ਕਈ ਸ਼ੈਲੀਆਂ ਜਾਂ ਕਿਸਮਾਂ ਨੂੰ ਦਰਸਾਉਂਦੀਆਂ ਹਨ।

ਕੁਝ ਪੁਰਾਣੇ ਨੇਮ ਦੀਆਂ ਕਿਤਾਬਾਂ ਮੁੱਖ ਤੌਰ ਤੇ ਬਿਰਤਾਂਤਕ ਹਨ, ਜਿਵੇਂ ਕਿ ਉਤਪਤ, ਯਹੋਸ਼ੁਆ, ਨਿਆਈਆਂ ਅਤੇ ਰੂਥ। ਇਹਨਾਂ ਕਿਤਾਬਾਂ ਵਿੱਚ ਸੰਖੇਪ ਵੰਸ਼ਾਵਲੀ, ਸੂਚੀਆਂ, ਕਵੀਤਾਵਾਂ ਦੇ ਨਾਲ-ਨਾਲ ਉਪਾਸਨਾ ਅਤੇ ਸਮਾਜਿਕ ਹਿਦਾਇਤਾਂ ਵੀ ਸ਼ਾਮਲ ਹਨ। ਪੁਰਾਣੇ ਨੇਮ ਦੇ ਕੈਨਨ ਦੀਆਂ ਹੋਰ ਕਿਤਾਬਾਂ ਮੁੱਖ ਤੌਰ ਤੇ ਕਵੀਤਾਵਾਂ ਹਨ, ਜਿਵੇਂ ਕਿ ਜ਼ਬੂਰ, ਅੱਯੂਬ, ਅਤੇ ਬਹੁਤ ਸਾਰੇ ਨਬੀ। ਅਜੇ ਵੀ ਹੋਰ ਕਿਤਾਬਾਂ ਉੱਚ ਪੱਧਰੀ ਹਨ, ਜਿਵੇਂ ਕਿ ਉਪਦੇਸ਼ਕ ਅਤੇ ਮਲਾਕੀ। ਇਸ ਤੋਂ ਇਲਾਵਾ, ਬੋਲ ਬਿਵਸਥਾ ਸਾਰ ਦੀ ਕਿਤਾਬ ਨੂੰ ਦਰਸਾਉਂਦੇ ਹਨ।

ਇਹ ਸਮਝਣਾ ਕਿ ਪੁਰਾਣੇ ਨੇਮ ਦੀਆਂ ਕਿਤਾਬਾਂ ਵੱਖ-ਵੱਖ ਸ਼ੈਲੀਆਂ ਵਿੱਚ ਲਿਖੀਆਂ ਗਈਆਂ ਸਨ ਮਹੱਤਵਪੂਰਨ ਹਨ ਕਿਉਂਕਿ ਹਰੇਕ ਸ਼ੈਲੀ ਦੇ ਦਰਸ਼ਕਾਂ ਨੂੰ ਪ੍ਰਭਾਵੀਤ ਕਰਨ ਦੇ ਆਪਣੇ ਤਰੀਕੇ ਸਨ। ਬਿਵਸਥਾ ਨੂੰ ਬਿਵਸਥਾ ਵਜੋਂ ਪੜ੍ਹਿਆ ਜਾਣਾ ਚਾਹੀਦਾ ਹੈ; ਭਾਸ਼ਣਾਂ ਨੂੰ ਭਾਸ਼ਣਾਂ ਵਜੋਂ, ਕਹਾਣੀਆਂ ਨੂੰ ਕਹਾਣੀਆਂ ਵਜੋਂ, ਕਵੀਤਾਵਾਂ ਨੂੰ ਕਵੀਤਾਵਾਂ ਵਜੋਂ, ਕਹਾਉਤਾਂ ਨੂੰ ਕਹਾਉਤਾਂ ਵਜੋਂ, ਦਰਸ਼ਣਾਂ ਨੂੰ ਦਰਸ਼ਨਾਂ ਵਜੋਂ, ਭਵਿੱਖਬਾਣੀਆਂ ਨੂੰ ਭਵਿੱਖਬਾਣੀਆਂ ਵਜੋਂ ਪੜ੍ਹਿਆ ਜਾਣਾ ਚਾਹੀਦਾ ਹੈ। ਇਹ ਪਤਾ ਲਗਾਉਣ ਲਈ ਕਿ ਪੁਰਾਣੇ ਨੇਮ ਦੀਆਂ ਕਿਤਾਬਾਂ ਅਸਲ ਵਿੱਚ ਪਰਮੇਸ਼ੁਰ ਦੇ ਲੋਕਾਂ ਦੇ ਜੀਵਨ ਨੂੰ ਪ੍ਰਭਾਵੀਤ ਕਰਨ ਲਈ ਕਿਵੇਂ ਤਿਆਰ ਕੀਤੀਆਂ ਗਈਆਂ ਸਨ, ਸਾਨੂੰ ਉਹਨਾਂ ਸ਼ੈਲੀਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਜੋ ਹਰੇਕ ਪੁਰਾਣੇ ਨੇਮ ਦੀ ਕਿਤਾਬ ਨੂੰ ਦਰਸਾਉਂਦੀਆਂ ਹਨ। ਇਹ ਇਕ ਹੋਰ ਤਰੀਕਾ ਹੈ ਕਿ ਸ਼ਾਸਤਰ ਦਾ ਪਾਤਰ ਹੀ ਸਾਹਿਤਕ ਵਿਸ਼ਲੇਸ਼ਣ ਦੀ ਮਹੱਤਤਾ ਨੂੰ ਪ੍ਰਗਟ ਕਰਦਾ ਹੈ।

> **ਇਹ ਜ਼ਰੂਰੀ ਹੈ ਕੀ ਬਾਈਬਲ ਦੇ ਅੰਸਾ ਦੀ ਸ਼ੈਲੀ ਨੂੰ ਜਿਸ ਨੂੰ ਕੋਈ ਪੜ ਰਿਹਾ ਹੈ ਸਮਝਿਆਂ ਜਾਵੇ ਕਿਉਂਕੀ ਇਹ ਸਾਡੀ ਸਹੀ ਵਿਆਖਿਆਂ ਕਰਨ ਵਿੱਚ ਸਹਾਇਤਾ ਕਰਦੀ ਹੈ। ਇਹ ਸਾਡੀ ਸਹਾਇਤਾ ਕਰਦੀ ਹੈ ਕੀ ਅਸੀਂ ਲਿਖਤਾਂ ਕੋਲੋ ਚੰਗੇ ਸਵਾਲ ਪੁਛਿਏ। ਸੈਲੀ – ਵਡੇ ਤੌਰ ਤੇ ਕਵਿਤਾਵਾਂ, ਬਿਰਤਾਂਤ, ਬਿਵਸਥਾ ਦੇ ਹਿੱਸੇ; ਇਹ ਵੱਡੇ ਹਿੱਸੇ ਹਨ ਸੈਲੀ- ਜਿਹੜੇ ਸਾਡੀ ਸਹਾਇਤਾ ਕਰਦੇ ਹਨ ਇਹ ਸਮਝਣ ਵਿੱਚ ਕੀ ਅਸੀਂ ਕੀ ਉਮੀਦ ਕਰ ਰਹੇ ਸਨ। ਇਹ ਸਾਡੀ ਸਹਾਇਤਾ ਕਰਦੇ ਹਨ ਲਿਖਤਾ ਨੂੰ ਸਵਾਲ ਪੁਛਣ ਵਿੱਚ। ਜੇਕਰ ਕਵਿਤਾ ਦੀ ਲਿਖਤਾਂ ਹਨ ਅਸੀਂ ਬਿਤਰਾਂਤ ਦੀ ਲਿਖਤਾਂ ਤੋ ਅਲੱਗ ਸਵਾਲ ਪੁਛਾਗੇ। ਕਵਿਤਾ ਅਕਸਰ ਇਸ ਗੱਲ ਦਾ ਵਿਸਤਾਰ ਨਾਲ ਵਰਣਨ ਕਰਨ ਦੀ ਕੋਸ਼ਿਸ਼ ਨਹੀਂ ਕਰਦੀ ਕਿ ਇੱਕ ਇਤਿਹਾਸਿਕ ਘਟਨਾ ਕਿਵੇਂ ਵਾਪਰੀ। ਉਹ ਅਕਸਰ ਬਹੁਤ ਜ਼ਿਆਦਾ ਲਾਖਣਿਕ ਭਾਸ਼ਾ ਵਿੱਚ ਵਰਣਨ ਕਰਦੇ ਹਨ; ਉਹ ਅਲੰਕਾਰ ਵਰਤਦੇ ਹਨ। ਇਸ ਲਈ, ਤੁਸੀਂ ਇਹਨਾਂ ਵੱਖ-ਵੱਖ ਕਿਸਮਾਂ ਦੀਆਂ ਸ਼ੈਲੀਆਂ ਨੂੰ ਵੱਖ-ਵੱਖ ਤਰੀਕਿਆਂ ਨਾਲ ਵਿਆਖਿਆ ਕਰਦੇ ਹੋ।**
>
> **— ਡਾ ਜਿਮ ਜੌਰਡਨ**

ਪਵਿੱਤਰ ਸ਼ਾਸਤਰ ਦੇ ਚਰਿੱਤਰ ਤੋਂ ਇਲਾਵਾ, ਸਾਹਿਤਕ ਵਿਸ਼ਲੇਸ਼ਣ ਵੀ ਬਾਈਬਲ ਦੀਆਂ ਉਦਾਹਰਣਾਂ, ਬਾਈਬਲ ਦੇ ਲੇਖਕਾਂ ਅਤੇ ਪ੍ਰਮਾਣਿਕ ਪਾਤਰਾਂ ਦੀਆਂ ਉਦਾਹਰਣਾਂ ਤੋ ਅਧਾਰਤ ਹੈ ਜਿਨ੍ਹਾਂ ਨੇ ਪੁਰਾਣੇ ਨੇਮ ਦੇ ਸਿਧਾਂਤ ਨੂੰ ਇਸ ਤਰੀਕੇ ਨਾਲ ਪੇਸ਼ ਕੀਤਾ।

## ਬਾਇਬਲ ਦੀ ਉਦਾਹਰਣਾਂ

ਹਰ ਵਾਰ ਜਦੋਂ ਬਾਈਬਲ ਦੇ ਲੇਖਕ ਅਤੇ ਪਾਤਰ ਆਪਣੇ ਦਰਸ਼ਕਾਂ ਲਈ ਲੇਖਕ ਦੇ ਉਦੇਸ਼ਾਂ ਦੀ ਰੋਸ਼ਨੀ ਵਿੱਚ ਪੁਰਾਣੇ ਨੇਮ ਤੱਕ ਪਹੁੰਚੇ, ਤਾਂ ਉਹਨਾਂ ਨੇ ਇੱਕ ਕਿਸਮ ਦਾ ਸਾਹਿਤਕ ਵਿਸ਼ਲੇਸ਼ਣ ਕੀਤਾ। ਉਦਾਹਰਣ ਦੇ ਲਈ, ਯਿਸੂ ਨੇ ਸਾਹਿਤਕ ਵਿਸ਼ਲੇਸ਼ਣ ਤੇ ਧਿਆਨ ਕੇਂਦ੍ਰਤ ਕੀਤਾ ਕਿਉਂਕਿ ਉਸਨੇ ਬਿਵਸਥਾ ਸਾਰ 24:1 ਵਿੱਚ ਤਲਾਕ ਬਾਰੇ ਮੂਸਾ ਦੁਆਰਾ ਲਿਖੀਆਂ ਗੱਲਾਂ ਨਾਲ ਨਜਿੱਠਿਆ। ਮਰਕੁਸ 10:4 ਵਿੱਚ, ਕੁੱਝ ਫ਼ਰੀਸੀਆਂ ਨੇ ਇਨ੍ਹਾਂ ਸ਼ਬਦਾਂ ਨਾਲ ਤਲਾਕ ਬਾਰੇ ਯਿਸੂ ਦੇ ਨਜ਼ਰੀਏ ਨੂੰ ਚੁਣੌਤੀ ਦਿੱਤੀ:

> ਉਹ ਬੋਲੇ, ਮੂਸਾ ਨੇ ਤਾਂ ਪਰਵਾਨਗੀ ਦਿੱਤੀ ਹੈ ਜੋ ਆਦਮੀ ਤਿਆਗ ਪੱਤ੍ਰੀ ਲਿੱਖ ਕੇ ਤਿਆਗ ਦੇਵੇ (ਮਰਕੁਸ 10:4)।

ਯਿਸੂ ਦੇ ਦਿਨਾਂ ਵਿੱਚ, ਕੁਝ ਫ਼ਰੀਸੀਆਂ ਨੇ ਬਿਵਸਥਾ ਸਾਰ 24:1 ਦੀ ਵਿਆਖਿਆ ਕੀਤੀ ਸੀ ਕਿ ਇੱਕ ਮਨੁੱਖ ਕਿਸੇ ਵੀ ਕਾਰਨ ਕਰਕੇ ਇੱਕ ਔਰਤ ਨੂੰ ਤਲਾਕ ਦੇ ਸਕਦਾ ਹੈ, ਜਦੋਂ ਤੱਕ ਉਹ ਉਸ ਨੂੰ ਤਲਾਕ ਦਾ ਪ੍ਰਮਾਣ ਪੱਤਰ ਦਿੰਦਾ ਹੈ। ਪਰ ਯਿਸੂ ਨੇ ਮੂਸਾ ਦੇ ਉਦੇਸ਼ਾਂ ਅਤੇ ਉਸ ਦੇ ਦਰਸ਼ਕਾਂ ਦੀ ਸਥਿਤੀ ਦੇ ਮੱਦੇਨਜ਼ਰ ਇਸ ਹਵਾਲੇ ਨੂੰ ਪੜ੍ਹ ਕੇ ਇਸ ਗਲਤ ਵਿਆਖਿਆ ਨੂੰ ਠੀਕ ਕੀਤਾ। ਮਰਕੁਸ 10:5 ਵਿੱਚ, ਯਿਸੂ ਨੇ ਆਖਿਆ :

> ਯਿਸੂ ਨੇ ਉਨ੍ਹਾਂ ਨੂੰ ਆਖਿਆ, ਉਹ ਨੇ ਤੁਹਾਡੀ ਸਕਤ ਦਿਲੀ ਦੇ ਕਾਰਨ ਤੁਹਾਡੇ ਲਈ ਇਹ ਹੁਕਮ ਲਿੱਖਿਆ (ਮਰਕੁਸ 10:5)।

ਯਿਸੂ ਨੇ ਦੱਸਿਆ ਕਿ ਮੂਸਾ ਨੇ ਇਸਰਾਏਲੀਆਂ ਦੇ ਕਠੋਰ ਦਿਲਾਂ ਲਈ ਰਿਵਚਨ ਵਜੋਂ ਤਲਾਕ ਦੀ ਇਜਾਜ਼ਤ ਦਿੱਤੀ ਸੀ।

ਇੱਥੇ ਸਾਡੇ ਉਦੇਸ਼ਾਂ ਲਈ, ਇਹ ਸਮਝਣਾ ਮਹੱਤਵਪੂਰਨ ਹੈ ਕਿ ਯਿਸੂ ਨੇ ਬਿਵਸਥਾ ਸਾਰ 24 ਦੇ ਪਾਠ ਨੂੰ ਇਸਦੀ ਇਤਿਹਾਸਿਕ ਬਿਵਸਥਾ ਤੋਂ ਬਾਹਰ ਕੱਢਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਇਸ ਹਵਾਲੇ ਨੂੰ ਉਸ ਰੋਸ਼ਨੀ ਵਿੱਚ ਦੇਖਿਆ ਜੋ ਉਹ ਮੂਸਾ ਬਾਰੇ ਲੇਖਕ ਵਜੋਂ ਅਤੇ ਪ੍ਰਾਚੀਨ ਇਸਰਾਏਲੀਆਂ ਨੂੰ ਉਸ ਦੇ ਦਰਸ਼ਕਾਂ ਵਜੋਂ ਜਾਣਦਾ ਸੀ। ਫ਼ਰੀਸੀ ਆਪਣੇ ਕਠੋਰ ਹਾਜ਼ਰੀਨ ਪ੍ਰਤੀ ਮੂਸਾ ਦੇ ਇਰਾਦਿਆਂ ਦਾ ਲੇਖਾ-ਜੋਖਾ ਕਰਨ ਵਿੱਚ ਅਸਫਲ ਰਹੇ ਸਨ। ਯਿਸੂ, ਹਾਲਾਂਕਿ, ਇਹਨਾਂ ਕਾਰਕਾਂ ਦੀ ਮਹੱਤਤਾ ਨੂੰ ਜਾਣਦਾ ਸੀ, ਅਤੇ ਸਹੀ ਸਿੱਟਾ ਕੱਢਿਆ ਕਿ ਮੂਸਾ ਦਾ ਨਿਯਮ ਅਸਲ ਵਿੱਚ ਉਹਨਾਂ ਦੇ ਪਾਪੀ ਪਣ ਲਈ ਇੱਕ ਰਿਵਚਨ ਸੀ, ਇੱਕ ਆਦਰਸ਼ ਨਹੀਂ ਸੀ।

ਸਾਹਿਤਕ ਵਿਸ਼ਲੇਸ਼ਣ ਦੀ ਇੱਕ ਹੋਰ ਉਦਾਹਰਣ ਗਲਾਤੀਆਂ 4:22-24 ਵਿੱਚ ਪ੍ਰਗਟ ਹੁੰਦੀ ਹੈ। ਸੁਣੋ ਕਿ ਪੌਲੁਸ ਨੇ ਅਬਰਾਹਾਮ ਦੀ ਪਤਨੀ ਸਾਰਾ ਅਤੇ ਉਸਦੇ ਪੁੱਤਰ ਇਸਹਾਕ, ਅਤੇ ਸਾਰਾ ਦੀ ਨੌਕਰਾਣੀ ਹਾਜਰਾ ਅਤੇ ਉਸਦੇ ਪੁੱਤਰ ਇਸ਼ਮਾਏਲ ਦੀਆਂ ਪੁਰਾਣੇ ਨੇਮ ਦੀਆਂ ਕਹਾਣੀਆਂ ਬਾਰੇ ਕੀ ਲਿਖਿਆ ਹੈ:

> ਕਿਉਂ ਜੋ ਇਹ ਲਿਖਿਆ ਹੋਇਆ ਹੈ ਜੋ ਅਬਰਾਹਮ ਦੇ ਦੋ ਪੁੱਤ੍ਰ ਹੋਏ, ਇੱਕ ਗੋੱਲੀ ਤੋ ਅਤੇ ਦੂਜਾ ਅਜਾਦ ਤੋਂ ਪਰ ਜਿਹੜਾ ਗੋੱਲੀ ਤੋ ਹੋਇਆ ਉਹ ਸਰੀਰ ਦੇ ਅਨੁਸਾਰ ਜੰਮਿਆ ਪਰੰਤੂ ਜਿਹੜਾ ਅਜਾਦ ਤੋਂ

> ਹੋਇਆ ਉਹ ਬਚਨ ਦੇ ਕਾਰਨ ਜੰਮਿਆ ਏਹ ਦ੍ਰਿਸ਼ਟਾਂਤ ਦੀਆਂ ਗੱਲਾ ਹਨ। ਅਰਥ ਇਹ ਜੋ ਏਹ ਤੀਵੀਆਂ ਦੋ ਨੇਮ ਹਨ, ਇੱਕ ਤਾਂ ਸੀਨਾ ਪਹਾੜੋਂ ਹੈ ਜੋ ਗੁਲਾਮੀ ਲਈ ਜਣਦੀ ਹੈ। ਇਹ ਹਾਜਰਾਹੈ (ਗਲਾਂਤੀਆਂ 4:22-24)।

ਵਚਨ 24 ਵਿੱਚ, ਪੌਲੁਸ ਨੇ ਆਖਿਆ ਕਿ ਸਾਰਾ ਅਤੇ ਇਸਹਾਕ ਅਤੇ ਹਾਜਰਾ ਅਤੇ ਇਸ਼ਮਾਏਲ ਨਾਲ ਅਬਰਾਹਾਮ ਦੇ ਪਰਸਪਰ ਪ੍ਰਭਾਵ ਦੇ ਉਤਪਤ ਬਿਰਤਾਂਤ ਨੂੰ "ਰੂਪਕ ਤੌਰ ਤੇ ਵਿਆਖਿਆ ਕੀਤੀ ਜਾ ਸਕਦੀ ਹੈ" ਕਿਉਂਕਿ ਉਹ "ਦੋ ਇਕਰਾਰਾਂ" ਨੂੰ ਦਰਸਾਉਂਦੇ ਹਨ। ਦੂਜੇ ਸ਼ਬਦਾਂ ਵਿੱਚ, ਪੌਲੁਸ ਸਮਝ ਗਿਆ ਕਿ ਸਾਰਾਹ ਅਤੇ ਹਾਜਰਾ ਨਾਲ ਅਬਰਾਹਾਮ ਦੀ ਗੱਲਬਾਤ ਦਾ ਬਿਰਤਾਂਤ ਉਤਪਤ ਦੇ ਮੂਲ ਇਜ਼ਰਾਈਲੀ ਦਰਸ਼ਕਾਂ ਲਈ ਇਕ ਵੀਸ਼ੇਸ਼ ਉਦੇਸ਼ ਲਈ ਲਿਖਿਆ ਗਿਆ ਸੀ।

ਉਤਪਤ ਦੇ ਅਭਿਲੇਖ ਇਸਨੂੰ ਸਾ ਕਰਦੇ ਹਨ ਕੀ ਅਬਰਾਹਮ ਨੇ ਪਰਮੇਸ਼ੁਰ ਨਾਲ ਮਿਲੇ ਰਹਿਣ ਲਈ ਦੌ ਰਾਹਾਂ ਦੀ ਚੌਣ ਦਾ ਸਾਹਮਣਾ ਕੀਤਾ: ਇਕ ਪਾਸੇ ਸਾਰਾਹ ਅਤੇ ਇਸਹਾਕ ਦਾ ਰਾਹ ਅਤੇ ਦੂਸਰੇ ਪਾਸੇ ਹਾਜਰਾ ਅਤੇ ਇਸ਼ਮਾਏਲ ਦਾ ਰਾਹ। ਇਕ ਤਰਫ ਅਬਰਾਹਮ ਪਰਮੇਸ਼ੁਰ ਦੇ ਪ੍ਰਤਿ ਭਰੋਸੇਯੋਗ ਸੀ ਜੱਦ ਉਹ ਸਾਰਾਹ ਦੁਆਰਾ ਪੁਤ੍ਰ ਦੇ ਵਾਦੇ ਦੁਆਰਾ ਪਰਮੇਸ਼ੁਰ ਨਾਲ ਬਣਿਆ ਰਿਹਾ। ਪਰਮੇਸ਼ੁਰ ਅਤੇ ਉਸ ਦੇ ਵਾਅਦੇ ਤੇ ਭਰੋਸਾ ਕਰਨ ਦਾ ਇਹ ਮਾਰਗ ਮੁਸ਼ਕਲ ਸੀ, ਪਰ ਇਹ ਸੀ ਪਰਮੇਸ਼ੁਰ ਦੀ ਅਸੀਂਸ ਦਾ ਰਾਹ। ਦੂਜੇ ਪਾਸੇ, ਹਾਲਾਂਕਿ, ਅਬਰਾਹਾਮ ਪਰਮੇਸ਼ੁਰ ਪ੍ਰਤੀ ਬੇਵਫ਼ਾ ਸੀ ਜਦੋਂ ਉਸਨੇ ਮਿਸਰੀ ਨੌਕਰਾਣੀ ਹਾਜਰਾ ਦੁਆਰਾ ਇੱਕ ਬੱਚੇ ਨੂੰ ਜਨਮ ਦੇਣ ਦੇ ਆਪਣੇ ਯਤਨਾਂ ਤੇ ਭਰੋਸਾ ਕੀਤਾ। ਉਸ ਦੇ ਆਪਣੇ ਯਤਨਾਂ ਤੇ ਭਰੋਸਾ ਕਰਨ ਦੇ ਇਸ ਮਾਰਗ ਦੇ ਨਤੀਜੇ ਵਜੋਂ ਅਬਰਾਹਾਮ ਦੇ ਵੀਰੁੱਧ ਪਰਮੇਸ਼ੁਰ ਦਾ ਨਿਆਂ ਹੋਇਆ।

ਜਿਵੇਂ ਕਿ ਮੂਸਾ ਨੇ ਅਬਰਾਹਾਮ ਦੇ ਜੀਵਨ ਬਾਰੇ ਲਿਖਿਆ ਸੀ, ਉਹ ਆਪਣੇ ਇਸਰਾਏਲੀ ਹਾਜ਼ਰੀਨ ਲਈ ਅਬਰਾਹਾਮ ਦੀਆਂ ਚੋਣਾਂ ਦੀ ਮਹਾਨ ਮਹੱਤਤਾ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਸ ਨੇ ਇਹ ਕਹਾਣੀਆਂ ਉਤਪਤ ਵਿੱਚ ਦੱਸਿਆਂ ਤਾਂ ਜੋ ਉਸ ਦੇ ਇਸਰਾਏਲੀ ਪਾਠਕ ਆਪਣੇ ਸਮੇਂ ਵਿੱਚ ਜੀਵਨ ਦੇ ਦੋ ਤਰੀਕਿਆਂ ਨਾਲ ਜੁੜ ਸਕਣ।

ਇਕ ਪਾਸੇ, ਮੂਸਾ ਨੇ ਸਾਰਾਹ ਅਤੇ ਹਾਜਰਾ ਬਾਰੇ ਲਿਖਿਆ ਕਿ ਉਹ ਆਪਣੇ ਮੂਲ ਦਰਸ਼ਕਾਂ ਨੂੰ ਵਾਅਦਾ ਕੀਤੇ ਹੋਏ ਦੇਸ਼ ਦੇ ਮਾਲਕ ਬਣਨ ਲਈ ਬਹੁਤ ਸਾਰੇ ਉੱਤਰਾਧਿਕਾਰੀਆਂ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਲਈ ਪਰਮੇਸ਼ੁਰ ਉੱਤੇ ਭਰੋਸਾ ਕਰਨ ਲਈ ਬੁਲਾਵੇ। ਪਰਮੇਸ਼ੁਰ ਅਤੇ ਉਸ ਦੇ ਵਾਅਦੇ ਉੱਤੇ ਭਰੋਸਾ ਕਰਨਾ ਔਖਾ ਸੀ, ਪਰ ਇਹ ਬਰਕਤ ਦਾ ਤਰੀਕਾ ਸੀ। ਦੂਜੇ ਪਾਸੇ, ਮੂਸਾ ਨੇ ਇਸਰਾਏਲੀਆਂ ਨੂੰ ਮਿਸਰ ਲਈ ਮਨੁੱਖੀ ਕੋਸ਼ਿਸ਼ਾਂ ਤੇ ਭਰੋਸਾ ਨਾ ਕਰਨ ਲਈ ਆਖਿਆ, ਜਿਵੇਂ ਅਬਰਾਹਾਮ ਮਿਸਰ ਦੀ ਦਾਸੀ ਹਾਜਰਾ ਵੱਲ ਮੁੜਿਆ ਸੀ। ਵਾਪਸ ਮੁੜਨ ਦੇ ਨਤੀਜੇ ਵਜੋਂ ਇਸਰਾਏਲ ਦੇ ਵਿਰੁੱਧ ਪਰਮੇਸ਼ੁਰ ਦਾ ਨਿਆਂ ਹੋਵੇਗਾ।

ਮੂਸਾ ਦੇ ਅਸਲ ਮਕਸਦ ਉੱਤੇ ਜ਼ੋਰ ਦੇਣ ਤੋਂ ਬਾਅਦ, ਪੌਲੁਸ ਨੇ ਇਨ੍ਹਾਂ ਕਹਾਣੀਆਂ ਨੂੰ ਗਲਾਤੀਆ ਦੀ ਕਲੀਸਿਯਾ ਦੀ ਸਥਿਤੀ ਉੱਤੇ ਲਾਗੂ ਕੀਤਾ। ਗਲਾਤੀਆਂ ਨੂੰ ਪੌਲੁਸ ਦੀ ਸੱਚੀ ਖੁਸ਼ਖਬਰੀ ਅਤੇ ਯਰੂਸ਼ਲਮ ਦੇ ਨੁਮਾਇੰਦਿਆਂ ਦੁਆਰਾ ਉਨ੍ਹਾਂ ਦੇ ਕਲੀਸਿਆਵਾਂ ਵਿੱਚ ਆਈ ਇੱਕ ਝੂਠੀ ਖੁਸ਼ਖਬਰੀ ਦੇ ਵਿੱਚਕਾਰ ਇੱਕ ਵਿਕਲਪ ਦਾ ਸਾਹਮਣਾ ਕਰਨਾ ਪਿਆ। ਸੱਚੀ ਖੁਸ਼ਖਬਰੀ ਇਹ ਸੀ ਕਿ ਮੁਕਤੀ ਮਸੀਹ ਵਿੱਚ ਪਰਮੇਸ਼ੁਰ ਦੇ ਵਾਅਦਿਆਂ ਉੱਤੇ ਭਰੋਸਾ ਕਰਨ ਨਾਲ ਮਿਲਦੀ ਹੈ। ਝੂਠੀ ਖੁਸ਼ਖਬਰੀ ਨੇ ਲੋਕਾਂ ਨੂੰ ਪਰਮੇਸ਼ੁਰ ਦੇ ਵਾਅਦਿਆਂ ਵਿੱਚ ਨਿਹਚਾ ਤੋਂ ਮੁਕਤੀ ਦੇ ਰਾਹ ਵਜੋਂ ਬਿਵਸਥਾ ਦੀ ਆਗਿਆਕਾਰੀ ਦੇ ਮਨੁੱਖੀ ਯਤਨਾਂ ਵੱਲ ਮੋੜ ਦਿੱਤਾ।

ਜਿਵੇਂ ਕਿ ਪੌਲੁਸ ਨੇ ਗਲਾਤੀਆਂ ਵਿੱਚ ਆਖਿਆ ਸੀ, ਜੋ ਪਰਮੇਸ਼ੁਰ ਦੇ ਵਾਅਦਿਆਂ ਵਿੱਚ ਨਿਹਚਾ ਦੀ ਸੱਚੀ

ਖੁਸ਼ਖਬਰੀ ਦੀ ਪਾਲਣਾ ਕਰਦੇ ਹਨ ਉਹ ਸਾਰਾਹ ਦੇ ਬੱਚੇ ਅਤੇ ਵਾਅਦੇ ਦੇ ਵਾਰਸ ਹਨ। ਪਰ ਜੋ ਲੋਕ ਝੂਠੀ ਖੁਸ਼ਖਬਰੀ ਦੀ ਪਾਲਣਾ ਕਰਦੇ ਹਨ ਉਹ ਹਾਜਰਾ ਦੇ ਬੱਚੇ ਹਨ ਅਤੇ ਮੁਕਤੀ ਦੇ ਤੋਹਫ਼ੇ ਦੇ ਵਾਰਸ ਨਹੀਂ ਹਨ। ਪੌਲੁਸ ਨੇ ਸਪੱਸ਼ਟ ਕੀਤਾ ਕਿ ਪਰਮੇਸ਼ੁਰ ਦੇ ਵਾਅਦਿਆਂ ਵਿੱਚ ਨਿਹਚਾ ਦੀ ਸੱਚੀ ਖੁਸ਼ਖਬਰੀ ਬਰਕਤਾਂ ਵੱਲ ਲੈ ਜਾਂਦੀ ਹੈ, ਅਤੇ ਬਿਵਸਥਾ ਦੀ ਆਗਿਆਕਾਰੀ ਦੀ ਝੂਠੀ ਖੁਸ਼ਖਬਰੀ ਕੇਵਲ ਨਿਆਉਂ ਵੱਲ ਲੈ ਜਾਂਦੀ ਹੈ। ਇਹ ਸਾਹਿਤਕ ਵਿਸ਼ਲੇਸ਼ਣ ਨਾਲ ਪੌਲੁਸ ਦੀ ਚਿੰਤਾ ਸੀ - ਮੂਸਾ ਨੇ ਆਪਣੇ ਮੂਲ ਦਰਸ਼ਕਾਂ ਲਈ ਆਪਣੇ ਇਤਿਹਾਸਿਕ ਅਭਿਲੇਖ ਨੂੰ ਬਨਾਉਣ ਦੇ ਤਰੀਕਿਆਂ ਵੱਲ ਉਸ ਦਾ ਧਿਆਨ - ਜਿਸ ਨੇ ਉਸਨੂੰ ਗਲਾਤੀਆ ਦੀ ਕਲੀਸਿਯਾ ਦੀ ਸਥਿਤੀ ਲਈ ਇਸ ਤਰੀਕੇ ਨਾਲ ਉਤਪਤ ਨੂੰ ਲਾਗੂ ਕਰਨ ਲਈ ਪ੍ਰੇਰਿਤ ਕੀਤਾ।

ਹੁਣ ਜਦੋਂ ਅਸੀਂ ਪੁਰਾਣੇ ਨੇਮ ਦੇ ਕੈਨਨ ਨੂੰ ਇੱਕ ਤਸਵੀਰ ਦੇ ਰੂਪ ਵਿੱਚ ਮੰਨਣ ਦੇ ਕੁੱਝ ਅਧਾਰ ਵੇਖ ਚੁੱਕੇ ਹਾਂ, ਸਾਨੂੰ ਸਾਹਿਤਕ ਵਿਸ਼ਲੇਸ਼ਣ ਦੇ ਕੇਂਦਰ ਵੱਲ ਧਿਆਨ ਦੇਣਾ ਚਾਹੀਦਾ ਹੈ। ਪੁਰਾਣੇ ਨੇਮ ਦੇ ਕੈਨਨ ਪ੍ਰਤੀ ਇਸ ਰਣਨੀਤੀ ਦੀਆਂ ਮੁੱਖ ਚਿੰਤਾਵਾਂ ਕੀ ਹਨ?

## ਕੇਂਦਰ

ਮਸੀਹੀ ਪ੍ਰਚਾਰਕ ਅਕਸਰ "ਇਤਿਹਾਸਿਕ ਵਿਆਖਿਆ" ਵਜੋਂ ਪਵਿੱਤਰ ਸ਼ਾਸਤਰ ਦੀ ਵਿਆਖਿਆ ਕਰਨ ਦੇ ਸਹੀ ਤਰੀਕੇ ਦਾ ਹਵਾਲਾ ਦਿੰਦੇ ਹਨ। ਇਸ ਤੋਂ ਸਾਡਾ ਮਤਲਬ ਹੈ ਕਿ ਵਿਆਖਿਆ ਨੂੰ, ਸਭ ਤੋਂ ਪਹਿਲਾਂ, ਵਿਆਕਰਣ ਜਾਂ ਬਾਈਬਲ ਦੇ ਪਾਠ ਦੇ ਢਾਂਚੇ ਤੇ ਧਿਆਨ ਦੇਣਾ ਚਾਹੀਦਾ ਹੈ। ਪਰ ਨਾਲ ਹੀ, ਵਿਆਖਿਆ ਵੀ ਇਤਿਹਾਸਿਕ ਹੋਣੀ ਚਾਹੀਦੀ ਹੈ। ਅਤੇ ਇਸ ਤੋਂ ਸਾਡਾ ਮਤਲਬ ਇਹ ਹੈ ਕਿ ਪਾਠ ਦੀ ਵੀਆਕਰਣ ਨੂੰ ਲੇਖਕ ਦੀਆਂ ਇਤਿਹਾਸਿਕ ਲੇਖਾ ਅਤੇ ਬੀਤਣ ਦੇ ਮੂਲ ਦਰਸ਼ਕਾਂ ਦੀ ਰੋਸ਼ਨੀ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਇੱਕ ਜਾਂ ਕਿਸੇ ਹੋਰ ਹੱਦ ਤੱਕ, ਇਹ ਕਾਰਕ ਥੀਮੈਟਿਕ ਅਤੇ ਇਤਿਹਾਸਿਕ ਵੀਸ਼ਲੇਸ਼ਣਾਂ ਲਈ ਜ਼ਿੰਮੇਵਾਰ ਪਹੁੰਚ ਵਿੱਚ ਵੀ ਧਿਆਨ ਵਿੱਚ ਆਉਂਦੇ ਹਨ। ਪਰ ਸਾਹਿਤਕ ਵਿਸ਼ਲੇਸ਼ਣ ਵੀਚ ਇਹ ਵੀਸ਼ੇਸ਼ ਤੌਰ ਤੇ ਮਹੱਤਵਪੂਰਨ ਹਨ।

ਸਾਹਿਤਕ ਵਿਸ਼ਲੇਸ਼ਣ ਦੇ ਕੇਂਦਰ ਨੂੰ ਵੇਖਣ ਲਈ, ਅਸੀਂ ਤਿੰਨ ਚਿੰਤਾਵਾਂ ਨੂੰ ਵੇਖਾਂਗੇ। ਪਹਿਲਾਂ, ਲੇਖਕ; ਦੂਜਾ, ਅਸਲੀ ਦਰਸ਼ਕ; ਅਤੇ ਤੀਸਰਾ, ਦਸਤਾਵੇਜ਼ ਜਾਂ ਲਿਖਤਾਂ ਜੋ ਸਾਡੇ ਧਿਆਨ ਵਿੱਚ ਹੈ। ਆਓ ਪਹਿਲਾਂ ਪੁਰਾਣੇ ਨੇਮ ਦੇ ਲੇਖਕਾਂ ਨੂੰ ਵੀਚਾਰਨ ਦੀ ਮਹੱਤਤਾ ਬਾਰੇ ਸੋਚੀਏ।

### ਲੇਖਕ

ਮਸੀਹ ਦੇ ਚੇਲੇ ਸਮਝਦੇ ਹਨ ਕਿ ਪਰਮੇਸ਼ੁਰ ਨੇ ਪੂਰੇ ਪੁਰਾਣੇ ਨੇਮ ਦੇ ਕੈਨਨ ਦੀ ਲਿਖਤ ਨੂੰ ਪ੍ਰੇਰਿਤ ਅਤੇ ਕਾਬੂ ਕੀਤਾ ਹੈ। ਪਰ ਜਿਵੇਂ ਕਿ ਅਸੀਂ ਇਸ ਲੜੀ ਵਿੱਚ ਪਹਿਲਾਂ ਵੇਖਿਆ ਸੀ, ਇਹ ਪ੍ਰੇਰਣਾ ਸੀ। ਪਰਮੇਸ਼ੁਰ ਨੇ ਕੈਨਨ ਦੀਆਂ ਕਿਤਾਬਾਂ ਦੀ ਰਚਨਾ ਕਰਨ ਲਈ ਆਪਣੇ ਚੁਣੇ ਹੋਏ ਮਨੁੱਖੀ ਲੇਖਕਾਂ ਦੇ ਪਿਛੋਕੜ, ਵਿਚਾਰਾਂ, ਭਾਵਨਾਵਾਂ ਅਤੇ ਇਰਾਦਿਆਂ ਦੀ ਵਰਤੋਂ ਕੀਤੀ। ਇਸ ਲਈ, ਸਾਨੂੰ ਇਸ ਮਨੁੱਖੀ ਪੱਖ ਨਾਲ ਵੀ ਚਿੰਤਤ ਹੋਣਾ ਚਾਹੀਦਾ ਹੈ ਜਿਵੇਂ ਕਿ ਅਸੀਂ ਪੁਰਾਣੇ ਨੇਮ ਨੂੰ ਪੜ੍ਹਦੇ ਹਾਂ। ਅਸੀਂ ਸਾਹਿਤਕ ਵਿਸ਼ਲੇਸ਼ਣ ਦੇ ਇਸ ਪਹਿਲੂ ਨੂੰ ਦੋ ਤਰੀਕਿਆਂ ਨਾਲ ਦੇਖਾਂਗੇ। ਇੱਕ ਪਾਸੇ, ਸਾਨੂੰ ਬਹੁਤ ਸਾਰੇ

ਖ਼ਤਰਿਆਂ ਤੋਂ ਜਾਣੂ ਹੋਣਾ ਚਾਹੀਦਾ ਹੈ, ਅਤੇ ਦੂਜੇ ਪਾਸੇ, ਸਾਨੂੰ ਪੁਰਾਣੇ ਨੇਮ ਵਿੱਚ ਇਸ ਪਹੁੰਚ ਦੇ ਬਹੁਤ ਸਾਰੇ ਲਾਭ ਦੇਖਣੇ ਚਾਹੀਦੇ ਹਨ।

ਸਭ ਤੋਂ ਪਹਿਲਾਂ, ਸਾਨੂੰ ਗੰਭੀਰ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਅਸੀਂ ਪੁਰਾਣੇ ਨੇਮ ਦੀਆਂ ਕਿਤਾਬਾਂ ਦੇ ਮਨੁੱਖੀ ਲੇਖਕਾਂ ਬਾਰੇ ਬਹੁਤ ਜ਼ਿਆਦਾ ਅਨੁਮਾਨ ਲਗਾਉਂਦੇ ਹਾਂ। ਅਤੀਤ ਵਿੱਚ, ਬਹੁਤ ਸਾਰੇ ਵਿਆਖਿਆਕਾਰ ਲੇਖਕਾਂ ਤੇ ਅਜਿਹੇ ਤਰੀਕਿਆਂ ਨਾਲ ਧਿਆਨ ਕੇਂਦਰਤ ਕਰਦੇ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਮਨੋਵੀਗਿਆਨਕ ਅਤੇ ਸਮਾਜ-ਵਿਗਿਆਨਕ ਅਟਕਲਾਂ ਦੇ ਜਾਲ ਵਿੱਚ ਫਸਾਇਆ ਸੀ। ਉਹਨਾਂ ਨੇ ਅਜਿਹਾ ਕੀਤਾ, ਅੰਸ਼ਕ ਤੌਰ ਤੇ, ਲੇਖਕ ਦੀ ਸਹੀ ਪਛਾਣ, ਉਸ ਦੁਆਰਾ ਦਰਪੇਸ਼ ਖਾਸ ਸਥਿਤੀਆਂ, ਅਤੇ ਉਸ ਦੀਆਂ ਧਰਮ ਸ਼ਾਸਤਰੀ ਪ੍ਰੇਰਨਾਵਾਂ ਦੇ ਵੇਰਵਿਆਂ ਬਾਰੇ ਬਹੁਤ ਜ਼ਿਆਦਾ ਮੰਨ ਕੇ। ਇਸ ਕਿਸਮ ਦੇ ਮੁੱਦੇ ਜਿੰਨੇ ਵੀ ਮਹੱਤਵਪੂਰਨ ਹੋ ਸਕਦੇ ਹਨ, ਜੇ ਅਸੀਂ ਉਸ ਤੋਂ ਪਰੇ ਜਾਂਦੇ ਹਾਂ ਜੋ ਅਸੀਂ ਜਾਣਦੇ ਹਾਂ, ਤਾਂ ਅਸੀਂ ਆਪਣੀਆਂ ਵਿਆਖਿਆਵਾਂ ਨੂੰ ਅਟਕਲਾਂ ਤੇ ਬਹੁਤ ਜ਼ਿਆਦਾ ਨਿਰਭਰ ਬਣਾ ਸਕਦੇ ਹਾਂ। ਲੇਖਕ ਤੇ ਇਸ ਕਿਸਮ ਦੇ ਜ਼ਿਆਦਾ ਜ਼ੋਰ ਨੂੰ "ਇਰਾਦਤਨ ਭੁਲੇਖਾ" ਆਖਿਆ ਜਾ ਸਕਦਾ ਹੈ, ਜੋ ਲੇਖਕ ਦੇ ਇਰਾਦਿਆਂ ਦੇ ਸਾਡੇ ਪੁਨਰ ਨਿਰਮਾਣ ਨੂੰ ਬਹੁਤ ਜ਼ਿਆਦਾ ਭਾਰ ਦਿੰਦਾ ਹੈ।

ਪਰ ਦੂਜੇ ਸਥਾਨ ਤੇ, ਬਾਈਬਲ ਦੇ ਲੇਖਕਾਂ ਤੇ ਇਕ ਸਾਵਧਾਨ ਅਤੇ ਜ਼ਿੰਮੇਵਾਰ ਧਿਆਨ ਸਾਨੂੰ ਬਹੁਤ ਸਾਰੇ ਲਾਭ ਪ੍ਰਦਾਨ ਕਰਦਾ ਹੈ। ਹੋ ਸਕਦਾ ਹੈ ਕਿ ਅਸੀਂ ਉਨ੍ਹਾਂ ਬਾਰੇ ਜਿੰਨਾ ਜਾਣਨਾ ਚਾਹਾਂਗੇ, ਓਨਾ ਨਹੀਂ ਜਾਣਦੇ ਹਾਂ, ਪਰ ਅਸੀਂ ਅਜੇ ਵੀ ਬਹੁਤ ਸਾਰੀਆਂ ਚੀਜ਼ਾਂ ਨੂੰ ਸਮਝ ਸਕਦੇ ਹਾਂ ਜੋ ਉਨ੍ਹਾਂ ਦੀਆਂ ਲਿਖਤਾਂ ਨੂੰ ਸਮਝਣ ਵਿੱਚ ਸਾਡੀ ਮਦਦ ਕਰਨਗੇ। ਸਾਡੇ ਕੋਲ ਉਹਨਾਂ ਦੀਆਂ ਪਛਾਣਾਂ, ਉਹਨਾਂ ਦੇ ਹਾਲਾਤਾਂ ਬਾਰੇ, ਅਤੇ ਉਹਨਾਂ ਦੇ ਮੂਲ ਧਰਮ ਸ਼ਾਸਤਰੀ ਮਨੋਰਥਾਂ ਬਾਰੇ ਆਮ ਗਿਆਨ ਦੀਆਂ ਵੱਖੋ ਵੱਖਰੀਆਂ ਡਿਗਰੀਆਂ ਹੋ ਸਕਦੀਆਂ ਹਨ।

> **ਬਾਈਬਲ ਦੀ ਕਿਤਾਬ ਦੇ ਲੇਖਕ ਬਾਰੇ ਜਾਣਕਾਰੀ ਸਾਡੇ ਲਈ ਬਹੁਤ ਮਦਦਗਾਰ ਹੈ ਕਿਉਂਕਿ ਅਸੀਂ ਇਸ ਦੇ ਅਰਥ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਅਤੇ ਇਹ ਇਸ ਲਈ ਹੈ ਕਿਉਂਕਿ ਪਵਿੱਤਰ ਆਤਮਾ - ਜਿਸ ਤਰੀਕੇ ਨਾਲ ਕੇਵਲ ਸਰਬਸ਼ਕਤੀਮਾਨ ਪਰਮੇਸ਼ੁਰ ਹੀ ਕਰ ਸਕਦਾ ਸੀ - ਮਨੁੱਖੀ ਵੀਅਕਤੀਆਂ ਨੂੰ ਉਹਨਾਂ ਦੀ ਸ਼ਖਸੀਅਤਾਂ ਵਿੱਚ, ਉਹਨਾਂ ਦੇ ਅਨੁਭਵ ਦੇ ਪਿਛੋਕੜ ਵਿੱਚ, ਉਸਦੇ ਅਸ਼ੁੱਧ ਬਚਨ ਨੂੰ ਪ੍ਰਦਾਨ ਕਰਨ ਲਈ ਵਰਤਿਆ ਗਿਆ ਸੀ। ਅਤੇ ਅਕਸਰ ਜਦੋਂ ਅਸੀਂ ਇਸ ਬਾਰੇ ਕੁੱਝ ਸਮਝ ਪ੍ਰਾਪਤ ਕਰ ਸਕਦੇ ਹਾਂ ਕਿ ਉਸਨੇ ਮਨੁੱਖੀ ਲੇਖਕ ਨੂੰ ਕਿਵੇਂ ਬਣਾਇਆ ਜਿਸ ਦੁਆਰਾ ਉਹ ਸ਼ਬਦ ਬੋਲੇਗਾ, ਇਹ ਪਾਠ ਦੀ ਸਾਡੀ ਸਮਝ ਨੂੰ ਵਧਾਉਂਦਾ ਹੈ। ਮੈਂ ਸੋਚਦਾ ਹਾਂ ... ਜ਼ਬੂਰ 51, ਇੱਕ ਕਲਾਸਿਕ, ਦਾਊਦ ਦੇ ਪਛਤਾਵੇ ਦਾ ਜ਼ਬੂਰ ਅਤੇ ਉਸ ਦੇ ਆਪਣੇ ਵਫ਼ਾਦਾਰ ਸਿਪਾਹੀ ਊਰੀਯਾਹ ਦੇ ਵੀਰੁੱਧ ਬਥਸ਼ਬਾ ਨੂੰ ਲੈ ਕੇ, ਅਤੇ ਉਸ ਕਬੂਲਨਾਮੇ ਦੇ ਵੀਰੁੱਧ ਉਸਦੇ ਭਿਆਨਕ ਪਾਪ ਨੂੰ ਮਾਨਤਾ ਦੇਣ ਬਾਰੇ। ਉਹ ਸਾਰਾ ਜ਼ਬੂਰ ਜਿਉਂਦਾ ਹੈ ਜਿਵੇਂ ਕਿ ਅਸੀਂ ਇਸਨੂੰ ਇੱਕ ਰਾਜੇ ਦੇ ਇਕਰਾਰ ਵਜੋਂ ਵੇਖਦੇ ਹਾਂ ਜੋ ਪਰਮੇਸ਼ੁਰ ਦੇ ਆਪਣੇ ਦਿਲ ਦੇ ਬਾਅਦ ਇੱਕ ਆਦਮੀ ਹੈ ਅਤੇ ਫਿਰ ਵੀ ਜਿਸਨੇ ਗੰਭੀਰ ਪਾਪ ਕੀਤਾ ਹੈ ਪਰ ਪਰਮੇਸ਼ੁਰ ਵਿੱਚ ਮਾਫ਼ੀ ਮਿਲਦੀ ਹੈ।**
>
> **— ਡਾ. ਡੈਨਿਸ ਈ. ਜਾੱਨਸਨ**

ਇਹ ਦਰਸਾਉਣ ਲਈ ਕਿ ਸਾਡਾ ਕੀ ਮਤਲਬ ਹੈ, ਆਓ ਵਿਚਾਰ ਕਰੀਏ ਕਿ ਅਸੀਂ ਪੁਰਾਣੇ ਨੇਮ ਦੇ ਦੋ ਮਹੱਤਵਪੂਰਨ ਲੇਖਕਾਂ ਬਾਰੇ ਕੀ ਜਾਣਦੇ ਹਾਂ: 1 ਅਤੇ 2 ਰਾਜੇ ਦੇ ਲੇਖਕ ਅਤੇ 1 ਅਤੇ 2 ਇਤਿਹਾਸ ਦੇ ਲੇਖਕ। ਸਾਨੂੰ ਇਹ ਨਹੀਂ ਪਤਾ ਕਿ ਇਹ ਲੇਖਕ ਕੌਣ ਸਨ। ਸਾਨੂੰ ਉਨ੍ਹਾਂ ਦੇ ਨਾਵਾਂ ਜਾਂ ਬਿਲਕੁਲ ਨਹੀਂ ਪਤਾ ਕਿ ਉਨ੍ਹਾਂ ਨੇ ਕਦੋਂ ਲਿਖਿਆ ਸੀ। ਅਸੀਂ ਯਕੀਨੀ ਤੌਰ ਤੇ ਉਨ੍ਹਾਂ ਦੇ ਮਨੋਵਿਗਿਆਨਕ ਰੁਝਾਨਾਂ ਬਾਰੇ ਬਹੁਤਾ ਨਹੀਂ ਜਾਣਦੇ ਹਾਂ। ਇਸ ਲਈ, ਇਹਨਾਂ ਕਿਸਮਾਂ ਦੇ ਵੀਚਾਰਾਂ ਤੇ ਬਹੁਤ ਜ਼ਿਆਦਾ ਭਰੋਸਾ ਕਰਨਾ ਜਿਵੇਂ ਅਸੀਂ ਉਨ੍ਹਾਂ ਦੀਆਂ ਕਿਤਾਬਾਂ ਦੀ ਵਿਆਖਿਆ ਕਰਦੇ ਹਾਂ, ਸਾਡੀਆਂ ਵਿਆਖਿਆਵਾਂ ਨੂੰ ਥੋੜ੍ਹੇ ਜ਼ਿਆਦਾ ਅਨੁਮਾਨਾਂ ਤੇ ਮੰਨਣ ਦਾ ਜੋਖਮ ਲੈ ਸਕਦੇ ਹਾਂ।

ਉਸੇ ਸਮੇਂ, ਭਾਵੇਂ, ਅਸੀਂ ਪੁਰਾਣੇ ਨੇਮ ਤੋਂ ਹੀ ਇਹਨਾਂ ਦੋਵਾਂ ਲੇਖਕਾਂ ਬਾਰੇ ਕੀਮਤੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਮਿਸਾਲ ਲਈ, ਅਸੀਂ ਜਾਣਦੇ ਹਾਂ ਕਿ ਰਾਜਿਆਂ ਦੇ ਲੇਖਕ ਨੇ ਬਾਬਲ ਵਿੱਚ ਇਸਰਾਏਲ ਦੀ ਗ਼ੁਲਾਮੀ ਦੌਰਾਨ ਲਿਖਿਆ ਸੀ। 2 ਰਾਜਿਆਂ 25:27-30 ਦੇ ਆਖ਼ਰੀ ਦ੍ਰਿਸ਼ ਸਾਫ਼-ਸਾਫ਼ ਸੰਕੇਤ ਦਿੰਦੇ ਹਨ ਕਿ ਲੇਖਕ ਨੇ 562 ਈਸਵੀ ਪੂਰਵ ਦੇ ਕੁੱਝ ਸਮੇਂ ਬਾਅਦ, ਯਹੋਯਾਕੀਨ ਦੇ ਬਾਬਲ ਦੀ ਜੇਲ੍ਹ ਤੋਂ ਰਿਹਾ ਹੋਣ ਤੋਂ ਬਾਅਦ ਲਿਖਿਆ ਸੀ। ਪਰ ਲੇਖਕ ਨੇ ਕਦੇ ਵੀ 538 ਈਸਾ ਪੂਰਵ ਵਿੱਚ ਫਾਰਸ ਦੇ ਅਹਿਮ ਹੁਕਮਨਾਮੇ ਦਾ ਜ਼ਿਕਰ ਨਹੀਂ ਕੀਤਾ। ਜਿਸਨੇ ਯਹੂਦੀਆਂ ਨੂੰ ਵਾਅਦਾ ਕੀਤੇ ਹੋਏ ਦੇਸ਼ ਵਿੱਚ ਵਾਪਸ ਜਾਣ ਦੀ ਇਜਾਜ਼ਤ ਦਿੱਤੀ। ਇਸ ਲਈ, ਬਾਬਲ ਦੀ ਗ਼ੁਲਾਮੀ ਤੋਂ ਇਸਰਾਏਲ ਦੀ ਰਿਹਾਈ ਤੋਂ ਪਹਿਲਾਂ ਲਗਭਗ ਨਿਸ਼ਚਿਤ ਤੌਰ ਤੇ ਰਾਜਿਆਂ ਦੀ ਕਿਤਾਬ ਪੂਰੀ ਹੋ ਗਈ ਸੀ।

ਇਸਦੇ ਉਲਟ, ਇਤਿਹਾਸ ਦੇ ਲੇਖਕ - ਜਿਸਨੂੰ ਅਕਸਰ "ਇਤਿਹਾਸਕਾਰ" ਆਖਿਆ ਜਾਂਦਾ ਹੈ - ਇਸਰਾਏਲ ਦੀ ਗ਼ੁਲਾਮੀ ਤੋਂ ਰਿਹਾਈ ਤੋਂ ਬਾਅਦ ਲਿਖਿਆ। ਅਸੀਂ ਇਹ ਜਾਣਦੇ ਹਾਂ ਕਿਉਂਕਿ, ਹੋਰ ਚੀਜ਼ਾਂ ਦੇ ਨਾਲ, 1 ਇਤਿਹਾਸ 9 ਵਿੱਚ ਵੰਸ਼ਾਵਲੀ ਉਹਨਾਂ ਲੋਕਾਂ ਦੀ ਸੂਚੀ ਹੈ ਜੋ ਧਰਤੀ ਉੱਤੇ ਵਾਪਸ ਆਏ ਸਨ। ਇਸ ਤੋਂ ਇਲਾਵਾ, ਇਤਿਹਾਸਕਾਰ ਨੇ ਆਪਣੀ ਕਿਤਾਬ, 2 ਇਤਿਹਾਸ 36:22,23 ਵੀਚ, ਫਾਰਸ ਦੇ ਹੁਕਮ ਨਾਲ ਖ਼ਤਮ ਕੀਤੀ।

ਅਸੀਂ ਇਹ ਵੀ ਜਾਣਦੇ ਹਾਂ ਕਿ ਇਹ ਦੋਵੇਂ ਲੇਖਕ ਇਸਰਾਏਲ ਦੇ ਪੜ੍ਹੇ-ਲਿਖੇ ਕੁਲੀਨ ਲੋਕਾਂ ਵਿੱਚੋਂ ਸਨ। ਦੋਵਾਂ ਲੇਖਕਾਂ ਨੇ ਸ਼ਾਹੀ ਇਤਿਹਾਸਾਂ ਵੀਚ ਜਾਣਕਾਰੀ ਦਾ ਹਵਾਲਾ ਦਿੱਤਾ ਜੋ ਸਿਰਫ਼ ਪਰਮੇਸ਼ੁਰ ਦੇ ਲੋਕਾਂ ਦੇ ਆਗੂਆਂ ਲਈ ਉਪਲਬਧ ਹੋਣਾ ਸੀ। ਅਤੇ ਇਤਿਹਾਸ ਦੇ ਲੇਖਕ ਨੇ ਭਵਿੱਖਬਾਣੀ ਦੇ ਸੰਗ੍ਰਹਿ ਦਾ ਵੀ ਹਵਾਲਾ ਦਿੱਤਾ ਜੋ ਬਾਈਬਲ ਵਿੱਚ ਸ਼ਾਮਲ ਨਹੀਂ ਹਨ।

ਲੇਖਕਾਂ ਬਾਰੇ ਇਹਨਾਂ ਕੁੱਝ ਤੱਥਾਂ ਨੂੰ ਜਾਣਨਾ ਸਾਨੂੰ ਉਹਨਾਂ ਦੇ ਆਮ ਧਰਮ ਸ਼ਾਸਤਰੀ ਮਨੋਰਥਾਂ ਵਿੱਚ ਅੰਤਰ ਨੂੰ ਸਮਝਣ ਵਿੱਚ ਮਦਦ ਕਰਦਾ ਹੈ। ਵੱਖੋ-ਵੱਖਰੇ ਵਿਆਖਿਆਕਾਰਾਂ ਨੇ ਸਹੀ ਸਿੱਟਾ ਕੱਢਿਆ ਹੈ ਕਿ ਰਾਜਿਆਂ ਦੇ ਲੇਖਕ ਨੇ ਆਪਣੇ ਲੋਕਾਂ ਨੂੰ ਗ਼ੁਲਾਮੀ ਵੀਚ ਭੇਜਣ ਲਈ ਪਰਮੇਸ਼ੁਰ ਦੇ ਨਿਆਂ ਉੱਤੇ ਜ਼ੋਰ ਦਿੱਤਾ ਸੀ। ਉਸ ਨੇ ਵਾਅਦਾ ਕੀਤੇ ਹੋਏ ਦੇਸ਼ ਵੀਚ ਵਾਪਸ ਜਾਣ ਤੋਂ ਪਹਿਲਾਂ ਇਸਰਾਏਲੀਆਂ ਨੂੰ ਤੋਬਾ ਕਰਨ ਦੀ ਲੋੜ ਤੇ ਵੀ ਧਿਆਨ ਦਿੱਤਾ।

ਇਸ ਦੇ ਉਲਟ, ਕਈ ਵਿਆਖਿਆਕਾਰਾਂ ਨੇ ਸਹੀ ਸਿੱਟਾ ਕੱਢਿਆ ਹੈ ਕਿ ਇਤਿਹਾਸ ਦੇ ਲੇਖਕ ਨੇ ਉਨ੍ਹਾਂ ਵੀਹਾਰਕ ਕਦਮਾਂ ਤੇ ਜ਼ੋਰ ਦਿੱਤਾ ਹੈ ਜਿੱਥੇ ਇਸਰਾਏਲੀਆਂ ਨੂੰ ਉਨ੍ਹਾਂ ਦੇ ਬਾਅਦ ਵਾਅਦੇ ਦੇ ਦੇਸ਼ ਵੱਲ ਮੁੜਨ ਦੀ ਲੋੜ ਸੀ। ਅਤੇ ਉਸਨੇ ਉਨ੍ਹਾਂ ਬਰਕਤਾਂ ਤੇ ਧਿਆਨ ਕੇਂਦਰਿਤ ਕੀਤਾ ਜੋ ਉਨ੍ਹਾਂ ਨੂੰ ਆਗਿਆਕਾਰੀ ਲਈ ਪ੍ਰਾਪਤ ਹੋਣਗੀਆਂ ਅਤੇ ਅਣਆਗਿਆਕਾਰੀ ਲਈ ਸਰਾਪ ਜਦੋਂ ਉਹ ਆਪਣੀ ਕੌਮ ਨੂੰ ਦੁਬਾਰਾ ਬਣਾਉਣਗੇ।

ਇਹਨਾਂ ਲੇਖਕਾਂ ਦੇ ਵੀਸ਼ਵਾਸਾਂ ਅਤੇ ਉਮੀਦਾਂ ਬਾਰੇ ਅਸੀਂ ਬਹੁਤ ਸਾਰੀਆਂ ਗੱਲਾਂ ਆਖ ਸਕਦੇ ਹਾਂ, ਪਰ ਮੁੱਖ ਨੁਕਤਾ ਇਹ ਹੈ: ਸਾਡੇ ਕੋਲ ਉਹਨਾਂ ਦੇ ਮੂਲ ਪਾਠਕਾਂ ਨੂੰ ਪ੍ਰਭਾਵੀਤ ਕਰਨ ਲਈ ਸਾਹਿਤਕ ਤਕਨੀਕਾਂ ਦੀ ਵਰਤੋਂ ਕਰਨ ਦੇ ਤਰੀਕੇ ਦਾ ਵਿਸ਼ਲੇਸ਼ਣ ਕਰਨ ਲਈ ਉਹਨਾਂ ਬਾਰੇ ਕਾਫ਼ੀ ਗਿਆਨ ਹੈ। ਅਤੇ ਸਾਡੇ ਕੋਲ ਬਾਈਬਲ ਦੇ ਹੋਰ ਲੇਖਕਾਂ ਬਾਰੇ

ਹੋਰ ਵੀ ਜਾਣਕਾਰੀ ਹੈ, ਤਾਂ ਜੋ ਨਿਯਮਿਤ ਤੌਰ ਤੇ ਸਾਡੀਆਂ ਵਿਆਖਿਆਵਾਂ ਵਿੱਚ ਲੇਖਕ ਤੇ ਧਿਆਨ ਕੇਂਦਰਤ ਕਰਨਾ ਕਾਫ਼ੀ ਲਾਭਦਾਇਕ ਹੋ ਸਕੇ।

ਹੁਣ ਲੇਖਕ ਤੇ ਧਿਆਨ ਕੇਂਦਰਤ ਕਰਨ ਦੇ ਨਾਲ-ਨਾਲ, ਪੁਰਾਣੇ ਨੇਮ ਦੇ ਜ਼ਿੰਮੇਵਾਰ ਸਾਹਿਤਕ ਵਿਸ਼ਲੇਸ਼ਣ ਨੂੰ ਵੀ ਮੂਲ ਦਰਸ਼ਕਾਂ ਤੇ ਵੀਚਾਰ ਕਰਦਾ ਹੈ। ਪੁਰਾਣੇ ਨੇਮ ਦੀਆਂ ਕਿਤਾਬਾਂ ਸਭ ਤੋਂ ਪਹਿਲਾਂ ਕਿਸ ਨੇ ਪ੍ਰਾਪਤ ਕੀਤੀਆਂ? ਉਨ੍ਹਾਂ ਦੀ ਸਥਿਤੀ ਕੀ ਸੀ? ਉਨ੍ਹਾਂ ਉੱਤੇ ਇਨ੍ਹਾਂ ਪਵਿੱਤਰ ਸ਼ਾਸਤਰਾਂ ਤੋਂ ਕਿਵੇਂ ਪ੍ਰਭਾਵਤ ਹੋਣਾ ਸੀ?

## ਦਰਸ਼ਕ

ਜਿਵੇਂ ਕਿ ਜਦੋਂ ਅਸੀਂ ਪੁਰਾਣੇ ਨੇਮ ਦੀਆਂ ਕਿਤਾਬਾਂ ਦੇ ਲੇਖਕਾਂ ਤੇ ਵਿਚਾਰ ਕਰਦੇ ਹਾਂ ਤਾਂ ਖ਼ਤਰੇ ਅਤੇ ਲਾਭ ਹੁੰਦੇ ਹਨ, ਸਾਨੂੰ ਅਸਲ ਦਰਸ਼ਕਾਂ ਤੇ ਧਿਆਨ ਕੇਂਦਰਿਤ ਕਰਨ ਦੇ ਖ਼ਤਰਿਆਂ ਅਤੇ ਲਾਭਾਂ ਬਾਰੇ ਵੀ ਸੁਚੇਤ ਹੋਣ ਦੀ ਜ਼ਰੂਰਤ ਹੁੰਦੀ ਹੈ। ਇੱਕ ਪਾਸੇ, ਖ਼ਤਰੇ ਹੁੰਦੇ ਹਨ ਜਦੋਂ ਵਿਆਖਿਆਕਾਰ ਦਰਸ਼ਕਾਂ ਬਾਰੇ ਬਹੁਤ ਜ਼ਿਆਦਾ ਅੰਦਾਜ਼ਾ ਲਗਾਉਂਦੇ ਹਨ। ਉਹ ਆਪਣੀ ਸਟੀਕ ਪਛਾਣ ਦੀ ਕਲਪਨਾ ਕਰਦੇ ਹਨ। ਉਹ ਦਰਸ਼ਕਾਂ ਦੇ ਹਾਲਾਤਾਂ ਦੇ ਖਾਸ ਵੇਰਵੀਆਂ ਦਾ ਪੁਨਰਗਠਨ ਕਰਦੇ ਹਨ। ਉਹ ਆਪਣੀਆਂ ਮਨੋਵੀਗਿਆਨਕ ਸਥਿਤੀਆਂ ਬਾਰੇ ਅੰਦਾਜ਼ਾ ਲਗਾਉਂਦੇ ਹਨ। ਉਹ ਆਪਣੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦੀ ਕਲਪਨਾ ਕਰਦੇ ਹੋਏ ਬਹੁਤ ਦੂਰ ਚਲੇ ਜਾਂਦੇ ਹਨ। ਦਰਸ਼ਕਾਂ ਤੇ ਇਸ ਤਰ੍ਹਾਂ ਦੇ ਜ਼ਿਆਦਾ ਜ਼ੋਰ ਦੇਣ ਨੂੰ "ਪ੍ਰਭਾਵੀ ਭਰਮ" ਆਖਿਆ ਜਾ ਸਕਦਾ ਹੈ।

> **ਭਾਵਪੂਰਤ ਭੁਲੇਖਾ ਉਹ ਹੈ ਜਿੱਥੇ ਅਸੀਂ ਪਾਠਕ ਦੀ ਉਸ ਮਨੋ-ਭਾਵਨਾਤਮਕ ਸਥਿਤੀ ਨੂੰ ਲੈਂਦੇ ਹਾਂ ਅਤੇ ਇਸਦੀ ਵਰਤੋਂ ਹਵਾਲੇ ਦੇ ਹੋਰ ਵਿਚਾਰਾਂ ਨੂੰ ਬਾਹਰ ਕੱਢਣ ਲਈ ਕਰਦੇ ਹਾਂ। ਉਦਾਹਰਨ ਲਈ, ਸਿਰਫ਼ ਇਸ ਲਈ ਕਿ ਗ਼ੁਲਾਮੀ ਵਿੱਚ ਲੋਕਾਂ ਦੀ ਖ਼ਾਤਰ ਲਿਖਿਆ ਗਿਆ ਵਿਰਲਾਪ ਦਾ ਇੱਕ ਜ਼ਬੂਰ ਇੱਕ ਅਜਿਹੀ ਚੀਜ਼ ਹੈ ਜਿਸਦੀ ਅਸੀਂ ਪਛਾਣ ਕਰ ਸਕਦੇ ਹਾਂ, ਇਸਦਾ ਮਤਲਬ ਇਹ ਨਹੀਂ ਹੈ ਕਿ ਜ਼ਬੂਰ ਸਾਡੇ ਨਾਲ ਗੱਲ ਨਹੀਂ ਕਰਦਾ ਜਦੋਂ ਅਸੀਂ ਉਹਨਾਂ ਮਾਨਸਿਕ-ਭਾਵਨਾਤਮਕ ਸਥਿਤੀਆਂ ਵਿੱਚ ਨਹੀਂ ਹੁੰਦੇ ਹਾਂ। ਇਸ ਲਈ ਇਹ ਨੰਬਰ ਇਕ ਹੈ, ਭਾਵਪੂਰਣ ਭਰਮ ਸਾਨੂੰ ਨਿਹਚਾ ਕਰਨ ਜਾਂ ਸਵੀਕਾਰ ਕਰਨ ਲਈ ਅਗਵਾਈ ਕਰ ਸਕਦਾ ਹੈ ਕਿ ਪਵਿੱਤਰ ਸ਼ਾਸਤਰ ਉਨ੍ਹਾਂ ਮੂਲ ਸਥਿਤੀਆਂ ਤੋਂ ਪਰੇ ਨਹੀਂ ਬੋਲਦਾ। ਦੂਜਾ ਵੱਡਾ ਖ਼ਤਰਾ ਇਹ ਹੈ ਕਿ ਅਸੀਂ ਮਨੋ-ਭਾਵਨਾਤਮਕ ਸਥਿਤੀ ਨੂੰ ਆਪਣੀ ਮਨੋ-ਭਾਵਨਾਤਮਕ ਸਥਿਤੀ ਨਾਲ ਗ਼ਲਤ ਪਛਾਣਦੇ ਹਾਂ ਜਿਵੇਂ ਕਿ ਅਸੀਂ ਹਵਾਲੇ ਵਿੱਚ ਚੀਜ਼ਾਂ ਨੂੰ ਪੜ੍ਹ ਰਹੇ ਹਾਂ ਜਾਂ ਉਹਨਾਂ ਚੀਜ਼ਾਂ ਨੂੰ ਪੜ੍ਹਨ ਵਿੱਚ ਅਸਫ਼ਲ ਹੋ ਰਹੇ ਹਾਂ ਜਿਸਨੂੰ ਅਸੀਂ ਜ਼ਰੂਰੀ ਤੌਰ ਤੇ ਆਪਣੀ ਨਿੱਜੀ ਸਥਿਤੀ ਤੇ ਥੋਪ ਰਹੇ ਹਾਂ। ਅਤੇ ਇਹ ਅੱਜਕੱਲ੍ਹ ਇੱਕ ਬਹੁਤ ਆਮ ਗੱਲ ਹੈ ਕਿਉਂਕਿ, ਹਵਾਲਾ ਅਤੇ ਲੇਖਕ ਅਤੇ ਦਰਸ਼ਕਾਂ ਦੇ ਰੂਪ ਵਿੱਚ, ਸਾਡੇ ਦਿਨ ਵਿੱਚ "ਪਾਠਕ-ਕੇਂਦ੍ਰਿਤ" ਤਰੀਕੇ ਨਾਲ ਪਾਠ ਪੜ੍ਹ ਕੇ ਹਾਵੀ ਹੈ। ਅਸੀਂ ਲੇਖਕ ਨੂੰ ਲੇਖਕ ਦੇ ਇਰਾਦੇ ਅਨੁਸਾਰ ਬੋਲਣ ਦੇਣਾ ਹੈ, ਅਤੇ ਸਾਨੂੰ ਹਵਾਲੇ ਦੇ ਸ਼ਬਦਾਂ ਦੇ ਨਾਲ-ਨਾਲ ਪਾਠਕ ਦੀ ਸਥਿਤੀ ਦੇ ਅਰਥ ਨੂੰ ਸਮਝਣਾ ਚਾਹਿਦਾ ਹੈ।**
>
> **— ਰੇਵ. ਮਾਈਕਲ ਜੇ. ਗਲੋਡੋ**

ਉਸੇ ਸਮੇਂ, ਭਾਵੇਂ, ਪੁਰਾਣੇ ਨੇਮ ਦੀਆਂ ਕਿਤਾਬਾਂ ਦੇ ਦਰਸ਼ਕਾਂ ਤੇ ਵੀਚਾਰ ਕਰਨ ਨਾਲ ਅਸੀਂ ਬਹੁਤ ਸਾਰੇ ਲਾਭ ਪ੍ਰਾਪਤ ਕਰ ਸਕਦੇ ਹਾਂ। ਅਸੀਂ ਬਹੁਤ ਸਾਰੀ ਮਦਦਗਾਰ ਜਾਣਕਾਰੀ ਜਾਣਦੇ ਹਾਂ। ਅਸੀਂ ਅਕਸਰ ਉਹਨਾਂ ਦੇ ਆਮ ਸਥਾਨ ਨੂੰ ਜਾਣਦੇ ਹਾਂ। ਅਤੇ ਅਸੀਂ ਅਕਸਰ ਉਹਨਾਂ ਕੁੱਝ ਪ੍ਰਮੁੱਖ ਘਟਨਾਵਾਂ ਨੂੰ ਜਾਣਦੇ ਹਾਂ ਜਿਹਨਾਂ ਦਾ ਉਹਨਾਂ ਨੇ ਅਨੁਭਵ ਕੀਤਾ। ਅਸੀਂ ਇਹ ਵੀ ਜਾਣਦੇ ਹਾਂ ਕਿ, ਜਿਵੇਂ ਲੋਕਾਂ ਦੇ ਬਹੁਤੇ ਸਮੂਹਾਂ ਦੇ ਨਾਲ, ਕੁੱਝ ਵਫ਼ਾਦਾਰ ਸਨ ਅਤੇ ਦੂਜੇ ਪਰਮੇਸ਼ੁਰ ਦੇ ਸਾਮ੍ਹਣੇ ਆਪਣੀਆਂ ਨੇਮਬੱਧ ਜ਼ਿੰਮੇਵਾਰੀਆਂ ਪ੍ਰਤੀ ਬੇਵਫ਼ਾ ਸਨ।

ਇਸ ਰੋਸ਼ਨੀ ਵਿੱਚ, ਆਓ ਵਿਚਾਰ ਕਰੀਏ ਕਿ ਅਸੀਂ ਰਾਜਿਆਂ ਅਤੇ ਇਤਿਹਾਸ ਦੀਆਂ ਕਿਤਾਬਾਂ ਦੇ ਮੂਲ ਦਰਸ਼ਕਾਂ ਬਾਰੇ ਕੀ ਜਾਣਦੇ ਹਾਂ। ਉਦਾਹਰਣ ਵਜੋਂ, ਅਸੀਂ ਜਾਣਦੇ ਹਾਂ ਕਿ, ਰਾਜਿਆਂ ਦੇ ਦਰਸ਼ਕ ਅਜੇ ਵੀ ਗ਼ੁਲਾਮੀ ਵਿੱਚ ਸਨ। ਰਾਜਿਆਂ ਦੀ ਕਿਤਾਬ ਦੇ ਜ਼ੋਰਾਂ ਤੋਂ, ਘੱਟੋ-ਘੱਟ ਕੁੱਝ ਮੂਲ ਪ੍ਰਾਪਤਕਰਤਾਵਾਂ ਨੂੰ ਇਹ ਯਕੀਨ ਦਿਵਾਉਣ ਦੀ ਲੋੜ ਸੀ ਕਿ ਪਰਮੇਸ਼ੁਰ ਆਪਣੇ ਲੋਕਾਂ ਨੂੰ ਗ਼ੁਲਾਮੀ ਵਿੱਚ ਭੇਜਣ ਲਈ ਹੀ ਸੀ। ਅਤੇ ਅਸੀਂ ਜਾਣਦੇ ਹਾਂ ਕਿ ਕੁੱਝ ਦਰਸ਼ਕਾਂ ਨੂੰ ਇਹ ਸਮਝਣ ਦੀ ਲੋੜ ਸੀ ਕਿ ਇਸਰਾਏਲ ਨੂੰ ਵਾਅਦਾ ਕੀਤੇ ਹੋਏ ਦੇਸ਼ ਵਿੱਚ ਵਾਪਸ ਆਉਣ ਤੋਂ ਪਹਿਲਾਂ ਤੋਬਾ ਕਰਨ ਦੀ ਲੋੜ ਸੀ।

ਇਸ ਦੇ ਉਲਟ, ਇਤਿਹਾਸ ਦੇ ਲੇਖਕ ਨੇ ਉਨ੍ਹਾਂ ਦਰਸ਼ਕਾਂ ਨੂੰ ਲਿਖਿਆ ਜੋ ਵਾਅਦਾ ਕੀਤੇ ਹੋਏ ਦੇਸ਼ ਨੂੰ ਵਾਪਸ ਆ ਗਏ ਸਨ। ਅਜ਼ਰਾ, ਨਹਮਯਾਹ ਅਤੇ ਹੱਜਈ ਦੀਆਂ ਕਿਤਾਬਾਂ ਸਪੱਸ਼ਟ ਕਰਦੀਆਂ ਹਨ ਕਿ ਵਾਪਸ ਪਰਤਣ ਵਾਲਿਆਂ ਵਿੱਚੋਂ ਬਹੁਤ ਸਾਰੇ ਪਰਮੇਸ਼ੁਰ ਪ੍ਰਤੀ ਵਫ਼ਾਦਾਰ ਨਹੀਂ ਰਹੈ ਸਨ। ਅਤੇ ਨਤੀਜੇ ਵਜੋਂ, ਉਨ੍ਹਾਂ ਨੂੰ ਇਸਰਾਏਲ ਵਿੱਚ ਪਰਮੇਸ਼ੁਰ ਦੇ ਰਾਜ ਨੂੰ ਦੁਬਾਰਾ ਬਣਾਉਣ ਲਈ ਆਪਣੀ ਸ਼ਰਧਾ ਵਿੱਚ ਵਾਧਾ ਕਰਨ ਦੀ ਲੋੜ ਸੀ। ਰਾਜਿਆਂ ਅਤੇ ਇਤਿਹਾਸ ਦੇ ਮੂਲ ਦਰਸ਼ਕਾਂ ਬਾਰੇ ਇਹਨਾਂ ਤੱਥਾਂ ਨੂੰ ਸਿਰਫ਼ ਜਾਣਨਾ ਹੀ ਸਾਨੂੰ ਇਹਨਾਂ ਕਿਤਾਬਾਂ ਦੇ ਸਾਹਿਤਕ ਚਿੱਤਰਾਂ ਬਾਰੇ ਬਹੁਤ ਕੁੱਝ ਸਮਝਣ ਵਿੱਚ ਮਦਦ ਕਰਦਾ ਹੈ।

> **ਪਰਮੇਸ਼ੁਰ ਨੇ ਆਪਣੇ ਆਪ ਨੂੰ ਇੱਕ ਅਸਲੀ ਦਰਸ਼ਕਾਂ, ਇੱਕ ਖਾਸ ਸਥਾਨ ਵਿੱਚ, ਇੱਕ ਖਾਸ ਸਮੇਂ ਵਿੱਚ ਲੋਕਾਂ ਨੂੰ ਪ੍ਰਗਟ ਕੀਤਾ। ਇਹ ਬਾਈਬਲ ਬਾਰੇ ਕਮਾਲ ਦੀਆਂ ਗੱਲਾਂ ਵਿੱਚੋਂ ਇੱਕ ਹੈ। ਇਹ ਸਿਰਫ਼ ਉੱਚੇ ਨੁਸਖ਼ਿਆਂ ਦਾ ਸੰਗ੍ਰਹਿ ਨਹੀਂ ਹੈ। ਪਰਮੇਸ਼ੁਰ ਇੱਕ ਖਾਸ ਮਾਹੌਲ ਵਿੱਚ ਖਾਸ ਲੋਕਾਂ ਨਾਲ ਗੱਲ ਕਰ ਰਿਹਾ ਸੀ, ਅਤੇ ਇਸ ਲਈ ਜਦੋਂ ਅਸੀਂ ਜਾਣਦੇ ਹਾਂ ਕਿ ਉਹ ਕਿਵੇਂ ਸਮਝਦੇ ਹਨ ਕਿ ਉਹ ਪਰਮੇਸ਼ੁਰ ਤੋਂ ਕੀ ਸੁਣ ਰਹੇ ਸਨ, ਉਹ ਪਰਮੇਸ਼ੁਰ ਤੋਂ ਕੀ ਪ੍ਰਾਪਤ ਕਰ ਰਹੇ ਸਨ, ਇਹ ਸਾਨੂੰ ਇਹ ਜਾਣਨ ਵਿੱਚ ਮਦਦ ਕਰਦਾ ਹੈ ਕਿ ਸਾਡੀ ਆਪਣੀ ਸਮਝ ਲਈ ਹੱਦਾਂ ਕੀ ਹਨ। ਜੇ ਮੈਂ ਬਾਈਬਲ ਨੂੰ ਮੂਲ ਸੁਣਨ ਵਾਲਿਆਂ ਦੀ ਸਮਝ ਤੋਂ ਬਿਲਕੁਲ ਵੱਖਰਾ ਸਮਝ ਰਿਹਾ ਹਾਂ, ਤਾਂ ਕੁੱਝ ਗ਼ਲਤ ਹੈ। ਯਕੀਨਨ, ਮੇਰਾ ਆਪਣਾ ਸੰਦਰਭ ਇੱਕ ਫਰਕ ਲਿਆਵੇਗਾ, ਪਰ ਮੇਰੇ ਆਪਣੇ ਪ੍ਰਸੰਗ ਨੂੰ ਉਹਨਾਂ ਦੇ ਸੰਦਰਭ ਦੀ ਰੋਸ਼ਨੀ ਵਿੱਚ ਸਮਝਣਾ ਹੋਵੇਗਾ, ਅਤੇ ਫਿਰ ਮੈਨੂੰ ਪਤਾ ਲੱਗੇਗਾ ਕਿ ਵਿਆਖਿਆ ਦੀਆਂ ਸੰਭਾਵੀਤ ਸੀਮਾਵਾਂ ਕੀ ਹੋ ਸਕਦੀਆਂ ਹਨ।**
>
> **– ਡਾ. ਜੌਨ ਓਸਵਾੱਲਟ**

ਹੁਣ ਜਦੋਂ ਅਸੀਂ ਇਸ ਗੱਲ 'ਤੇ ਛੋਹ ਲਿਆ ਹੈ ਕਿ ਸਾਹਿਤਕ ਵਿਸ਼ਲੇਸ਼ਣ ਲੇਖਕ ਅਤੇ ਮੂਲ ਸਰੋਤਿਆਂ 'ਤੇ ਕਿਵੇਂ ਕੇਂਦਰਿਤ ਹੁੰਦਾ ਹੈ, ਸਾਨੂੰ ਪੁਰਾਣੇ ਨੇਮ ਦੇ ਸਾਹਿਤਕ ਵਿਸ਼ਲੇਸ਼ਣ ਦੇ ਤੀਜੇ ਅਤੇ ਮੂਲ ਉਦੇਸ਼ ਵੱਲ ਮੁੜਨਾ ਚਾਹੀਦਾ ਹੈ - ਖੁਦ ਦਸਤਾਵੇਜ਼ l

## ਦਸਤਾਵੇਜ਼

ਪਵਿੱਤਰ ਸ਼ਾਸਤਰ ਦੇ ਦਸਤਾਵੇਜ਼ ਸਾਹਿਤਕ ਵਿਸ਼ਲੇਸ਼ਣ ਦਾ ਮੁੱਖ ਕੇਂਦਰ ਹਨ ਕਿਉਂਕਿ ਉਹ ਪਰਮੇਸ਼ੁਰ ਦੇ ਪੂਰੀ ਤਰ੍ਹਾਂ ਪ੍ਰਮਾਣਿਤ ਬਚਨ ਹਨ। ਇਸ ਲਈ, ਸਾਨੂੰ ਦਸਤਾਵੇਜ਼ ਤੇ ਧਿਆਨ ਕੇਂਦਰਿਤ ਕਰਨ ਦੇ ਖ਼ਤਰਿਆਂ ਅਤੇ ਲਾਭਾਂ ਵੱਲ ਵੀਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ।

ਇਕ ਪਾਸੇ, ਸਿਰਫ਼ ਦਸਤਾਵੇਜ਼ ਤੇ ਧਿਆਨ ਕੇਂਦਰਿਤ ਕਰਨ ਵੀਚ ਖ਼ਤਰਾ ਹੈ। ਬਦਕਿਸਮਤੀ ਨਾਲ, ਹਾਲ ਹੀ ਦੇ ਦਹਾਕਿਆਂ ਵਿੱਚ, ਬਹੁਤ ਸਾਰੇ ਵਿਆਖਿਆਕਾਰਾਂ ਨੇ ਤਾਕੀਦ ਕੀਤੀ ਹੈ ਕਿ ਪਵਿੱਤਰ ਸ਼ਾਸਤਰ ਦੇ ਹਵਾਲੇ ਹੀ ਸਾਨੂੰ ਵਿਆਖਿਆ ਲਈ ਲੋੜੀਂਦੇ ਹਨ। ਜਦੋਂ ਅਸੀਂ ਲੇਖਕ ਅਤੇ ਦਰਸ਼ਕਾਂ ਤੇ ਵੀਚਾਰ ਕਰਦੇ ਹਾਂ ਤਾਂ ਸਾਡੇ ਸਾਹਮਣੇ ਆਉਣ ਵਾਲੀਆਂ ਅਨਿਸ਼ਚਿਤਤਾਵਾਂ ਤੋਂ ਬਚਣ ਦੀ ਕੋਸ਼ਿਸ਼ ਵਿੱਚ, ਇਹਨਾਂ ਵੀਦਵਾਨਾਂ ਨੇ ਦਲੀਲ ਦਿੱਤੀ ਹੈ ਕਿ ਸਾਨੂੰ ਲੇਖਕ ਅਤੇ ਦਰਸ਼ਕਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਅਸਲ ਵਿੱਚ, ਇਹ ਪਾਲਣਾ ਕਰਨ ਲਈ ਇੱਕ ਚੰਗੀ ਦਿਸ਼ਾ ਨਹੀਂ ਹੈ। ਉਹੀ ਦਸਤਾਵੇਜ਼, ਭਾਵੇਂ ਬਾਈਬਲ ਸੰਬੰਧੀ ਹੈ ਜਾਂ ਨਹੀਂ, ਇਸਦਾ ਅਰਥ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਇਹ ਕਿਸਨੇ ਲਿਖਿਆ ਹੈ ਅਤੇ ਕਿਸ ਲਈ ਲਿਖਿਆ ਗਿਆ ਸੀ। ਜਦੋਂ ਵਿਆਖਿਆਕਾਰ ਦਸਤਾਵੇਜ਼ ਤੇ ਵੀਸ਼ੇਸ਼ ਤੌਰ ਤੇ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਲੇਖਕ ਅਤੇ ਮੂਲ ਦਰਸ਼ਕਾਂ ਨੂੰ ਨਜ਼ਰਅੰਦਾਜ਼ ਕਰਦੇ ਹਨ, ਤਾਂ ਉਹ ਆਪਣੇ ਆਪ ਹੀ ਦਸਤਾਵੇਜ਼ ਤੇ ਬਹੁਤ ਜ਼ਿਆਦਾ ਭਰੋਸਾ ਕਰਦੇ ਹੋਏ, ਜਿਸ ਨੂੰ ਅਸੀਂ "ਸਪੱਸ਼ਟ ਭੁਲੇਖੇ" ਆਖ ਸਕਦੇ ਹਾਂ, ਜਿਸ ਵਿੱਚ ਫਸ ਜਾਂਦੇ ਹਨ।

> ਹਵਾਲਿਆਂ ਨੂੰ ਪੜ੍ਹਨ ਵਿੱਚ ਇੱਕ ਭੁਲੇਖਾ ਹੈ, ਅਤੇ ਪੁਰਾਣੇ ਨੇਮ ਦੇ ਪਾਠਾਂ ਵਿੱਚ ਉਦਾਹਰਨ ਲਈ, "ਸਪੱਸ਼ਟ ਭੁਲੇਖੇ" ਆਖਿਆ ਜਾਂਦਾ ਹੈ, ਜਿਸਦਾ ਮਤਲਬ ਹੈ ਕਿ ਸਾਡੇ ਅਰਥ ਲਈ ਲੋੜੀਂਦੇ ਸ਼ਬਦ ਹਨ ਅਤੇ ਇਹ ਕਿ ਸ਼ਬਦ ਆਪਣੇ ਆਪ ਵਿੱਚ ਸਾਰੇ ਅਰਥ ਰੱਖਦੇ ਹਨ। ਹੁਣ, ਇਹ ਚੰਗਾ ਜਾਪਦਾ ਹੈ, ਖਾਸ ਤੌਰ ਤੇ ਜੇ ਤੁਸੀਂ ਪਵਿੱਤਰ ਸ਼ਾਸਤਰ ਬਾਰੇ ਉੱਚ ਵੀਚਾਰ ਰੱਖਦੇ ਹੋ ਅਤੇ ਤੁਸੀਂ ਨਿਹਚਾ ਕਰਦੇ ਹੋ ਕਿ ਇਹ ਸ਼ਬਦ ਪ੍ਰੇਰਿਤ ਹਨ। ਪਰ ਇਹ ਕੀ ਕਰਦਾ ਹੈ, ਇਹ ਲੇਖਕ ਅਤੇ ਪਾਠਕ ਨੂੰ ਬਾਹਰ ਕੱਢਦਾ ਹੈ। ਅਤੇ ਹਵਾਲੇ ਦੇ ਅਰਥ, ਹਵਾਲੇ ਦੇ ਸ਼ਬਦਾਂ ਦੇ ਅੰਦਰ ਸਥਿਤ ਹੋਣ ਦੇ ਬਾਵਜੂਦ, ਲੇਖਕ ਦੇ ਉਹਨਾਂ ਲੋਕਾਂ ਦੇ ਇਰਾਦਿਆਂ ਤੋਂ ਵੀ ਬਣਿਆ ਹੁੰਦਾ ਹੈ ਜਿਨ੍ਹਾਂ ਨੂੰ ਇਹ ਲਿਖਿਆ ਗਿਆ ਹੈ...ਇਸ ਲਈ, ਸਪੱਸ਼ਟ ਭੁਲੇਖੇ ਲੇਖਕ ਅਤੇ ਮੂਲ ਪਾਠਕਾਂ ਨੂੰ ਛੱਡ ਰਹੇ ਹਨ, ਕਿਉਂਕਿ ਉਹ ਬੁਨਿਆਦੀ ਭਾਗ ਹਨ। ਅਸੀਂ ਹਮੇਸ਼ਾ ਲੇਖਕ ਅਤੇ ਪਾਠਕ ਬਾਰੇ ਓਨਾ ਨਹੀਂ ਜਾਣਦੇ ਜਿੰਨਾ ਅਸੀਂ ਜਾਣਨਾ ਚਾਹੁੰਦੇ ਹਾਂ, ਪਰ ਪਵਿੱਤਰ ਸ਼ਾਸਤਰ ਦੀ ਭਰਪੂਰਤਾ ਸਾਨੂੰ ਦੱਸਦੀ ਹੈ ਕਿ ਪਰਮੇਸ਼ੁਰ ਸਾਨੂੰ ਹਵਾਲਿਆਂ ਦੀ ਨਿਰਪੱਖ ਅਤੇ ਵਫ਼ਾਦਾਰੀ ਨਾਲ ਵਿਆਖਿਆ ਕਰਨ

**ਲਈ ਕਾਫ਼ੀ ਜਾਣਕਾਰੀ ਦਿੰਦਾ ਹੈ, ਅਤੇ ਇਹ ਉਸ ਅਧਾਰ ਤੇ ਹੈ ਕਿ ਲੇਖਕ, ਹਵਾਲੇ ਅਤੇ ਪੜ੍ਹਣ ਵਾਲੇ ਉਹਨਾਂ ਚੀਜ਼ਾਂ ਦੇ ਰੂਪ ਵਿੱਚ ਜਿਹਨਾਂ ਵਿੱਚ ਅਰਥ ਸ਼ਾਮਲ ਹੁੰਦੇ ਹਨ।**

**— ਰੇਵ. ਮਾਈਕਲ ਜੇ. ਗਲੋਡ**

ਦੂਜੇ ਪਾਸੇ, ਦਸਤਾਵੇਜ਼ ਬਾਰੇ ਅਸੀਂ ਜੋ ਕੁੱਝ ਕਰ ਸਕਦੇ ਹਾਂ, ਉਸ ਨੂੰ ਜਾਣਨ ਨਾਲ ਜੁੜੇ ਬਹੁਤ ਸਾਰੇ ਫਾਇਦੇ ਹਨ। ਸ਼ਬਦਾਵਲੀ, ਵੀਆਕਰਣ, ਬੋਲੀ ਦੇ ਅੰਕੜੇ, ਵਾਕਾਂ ਦੀ ਬਣਤਰ, ਰੂਪਰੇਖਾ, ਸਾਹਿਤਕ ਸੰਦਰਭ, ਸ਼ੈਲੀ ਅਤੇ ਹੋਰ, ਸਾਰੇ ਪਵਿੱਤਰ ਸ਼ਾਸਤਰ ਦੇ ਮੂਲ ਅਰਥ ਅਤੇ ਆਧੁਨਿਕ ਉਪਯੋਗਾਂ ਨੂੰ ਖੋਜਣ ਵਿੱਚ ਬਹੁਤ ਯੋਗਦਾਨ ਪਾਉਂਦੇ ਹਨ। ਇਸ ਲਈ, ਇੱਕ ਹਵਾਲੇ ਦੇ ਇਹਨਾਂ ਪਹਿਲੂਆਂ ਬਾਰੇ ਜਿੰਨਾ ਅਸੀਂ ਕਰ ਸਕਦੇ ਹਾਂ ਸਮਝਣਾ, ਪਵਿੱਤਰ ਸ਼ਾਸਤਰ ਦੀ ਸਹੀ ਵਿਆਖਿਆ ਕਰਨ ਲਈ ਮਹੱਤਵਪੂਰਨ ਹੈ। ਅਸੀਂ ਜਿਨ੍ਹਾਂ ਦਸਤਾਵੇਜ਼ਾਂ ਦਾ ਅਧਿਐਨ ਕਰ ਰਹੇ ਹਾਂ ਉਨ੍ਹਾਂ ਦੀਆਂ ਵੀਸ਼ੇਸ਼ ਵੀਸ਼ੇਸ਼ਤਾਵਾਂ ਵੱਲ ਬਹੁਤ ਧਿਆਨ ਦਿੱਤੇ ਬਿਨਾਂ ਅਸੀਂ ਸਿਰਫ਼ ਜ਼ਿੰਮੇਵਾਰੀ ਨਾਲ ਪਵਿੱਤਰ ਸ਼ਾਸਤਰ ਦੀ ਵਿਆਖਿਆ ਨਹੀਂ ਕਰ ਸਕਦੇ ਹਾਂ।

ਪਰ ਸਾਨੂੰ ਸਭ ਤੋਂ ਵੱਧ ਲਾਭ ਉਦੋਂ ਮਿਲਦਾ ਹੈ ਜਦੋਂ ਅਸੀਂ ਲੇਖਕ ਅਤੇ ਮੂਲ ਦਰਸ਼ਕਾਂ ਦੀ ਰੋਸ਼ਨੀ ਵਿੱਚ ਹਰ ਹਵਾਲੇ ਨੂੰ ਵੀਚਾਰਦੇ ਹਾਂ। ਲੇਖਕ ਅਤੇ ਦਰਸ਼ਕਾਂ ਦੇ ਸੰਦਰਭ ਵਿੱਚ ਪੁਰਾਣੇ ਨੇਮ ਦੇ ਹਵਾਲੇ ਨੂੰ ਧਿਆਨ ਨਾਲ ਵੇਖਣ ਦੇ ਲਾਭਾਂ ਨੂੰ ਦਰਸਾਉਣ ਲਈ, ਅਸੀਂ 2 ਇਤਿਹਾਸ 33:1-20 ਵਿੱਚ ਪਾਏ ਗਏ ਮਨੱਸ਼ਹ ਦੇ ਰਾਜ ਨੂੰ ਸੰਖੇਪ ਵਿੱਚ ਵੇਖਾਂਗੇ। ਜਦੋਂ ਅਸੀਂ ਇਸ ਹਵਾਲੇ ਦਾ ਅਧਿਐਨ ਕਰਦੇ ਹਾਂ, ਤਾਂ ਸਾਡੇ ਕੋਲ 2 ਰਾਜਿਆਂ 21:1-18 ਵਿੱਚ ਮਨੱਸ਼ਹ ਦੇ ਰਾਜ ਦਾ ਸਮਾਨਾਂਤਰ ਬਿਰਤਾਂਤ ਹੋਣ ਦਾ ਬਹੁਤ ਵੱਡਾ ਫਾਇਦਾ ਹੁੰਦਾ ਹੈ। ਜਿਵੇਂ ਕਿ ਇਤਿਹਾਸ ਦੇ ਲੇਖਕ ਨੇ ਆਪਣੇ ਲੇਖੇ ਦੀ ਰਚਨਾ ਕੀਤੀ, ਉਸਨੇ 2 ਰਾਜਾ 21 ਵਿੱਚ ਭਾਗਾਂ ਦੀ ਨਕਲ ਕੀਤੀ, ਬਦਲਿਆ, ਛੱਡਿਆ ਅਤੇ ਤੱਤਾਂ ਨੂੰ ਉਹਨਾਂ ਤਰੀਕਿਆਂ ਨਾਲ ਜੋੜਿਆ ਜੋ ਉਸਦੇ ਦਰਸ਼ਕਾਂ ਲਈ ਉਸਦੇ ਇਰਾਦਿਆਂ ਨਾਲ ਮੇਲ ਖਾਂਦਾ ਹੈ। ਆਓ ਵੇਖੀਏ ਕਿ ਇਹ 2 ਰਾਜਿਆਂ 21 ਦੇ ਬਿਰਤਾਂਤ ਦੁਆਰਾ ਇਹ ਕਿਵੇਂ ਸੱਚ ਹੈ।

ਦੂਜੇ ਰਾਜਿਆਂ 21 ਨੂੰ ਪੰਜ ਸਮਰੂਪ ਹਿੱਸਿਆਂ ਵਿੱਚ ਵੰਡਿਆ ਗਿਆ ਹੈ: ਪਹਿਲਾ, ਵਚਨ 1 - ਮਨੱਸ਼ਹ ਦੇ ਰਾਜ ਦੀ ਸ਼ੁਰੂਆਤ; ਦੂਜੇ, ਵਚਨ 2-9 — ਮਨੱਸ਼ਹ ਦਾ ਮੂਰਤੀ-ਪੂਜਾ ਦਾ ਪਾਪ; ਤੀਜਾ, ਵਚਨ 10-15 - ਮਨੱਸ਼ਹ ਨੂੰ ਭਵਿੱਖਬਾਣੀ ਨਿੰਦਾ ਮਿਲੀ; ਚੌਥਾ, ਵਚਨ 16 — ਮਨੱਸ਼ਹ ਦੇ ਹਿੰਸਾ ਦੇ ਵਾਧੂ ਪਾਪ; ਅਤੇ ਪੰਜਵਾਂ, ਵਚਨ 17, 18 — ਮਨੱਸ਼ਹ ਦੇ ਰਾਜ ਦਾ ਅੰਤ।

ਜਿਵੇਂ ਕਿ ਇਹ ਰੂਪਰੇਖਾ ਸੁਝਾਅ ਦਿੰਦੀ ਹੈ, 2 ਰਾਜਿਆਂ 21 ਵਿੱਚ ਮਨੱਸ਼ਹ ਨੂੰ ਸ਼ੁਰੂ ਤੋਂ ਅੰਤ ਤੱਕ ਬੁਰਾਈ ਵਜੋਂ ਦਰਸਾਇਆ ਗਿਆ ਹੈ। ਉਸਨੂੰ ਇੱਕ ਵੱਡੇ ਪਾਪੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਕਹਾਣੀ ਦਾ ਦੂਜਾ ਭਾਗ ਵੀਸਤ੍ਰਿਤ ਕਰਦਾ ਹੈ ਕਿ ਕਿਵੇਂ ਉਸਨੇ ਮੂਰਤੀਆਂ ਨਾਲ ਹੈਕਲ ਨੂੰ ਪਲੀਤ ਕੀਤਾ ਅਤੇ ਲੋਕਾਂ ਨੂੰ ਕਨਾਨੀਆਂ ਨਾਲੋਂ ਜ਼ਿਆਦਾ ਬੁਰਾਈ ਕਰਨ ਲਈ ਪ੍ਰੇਰਿਤ ਕੀਤਾ। ਬਿਰਤਾਂਤ ਦਾ ਤੀਜਾ ਹਿੱਸਾ ਮਨੱਸ਼ਹ ਦੀ ਭਵਿੱਖਬਾਣੀ ਦੀ ਨਿੰਦਾ ਦੇ ਬਰਾਬਰ ਹੈ। ਇਸ ਭਵਿੱਖਬਾਣੀ ਦੇ ਸ਼ਬਦ ਦੇ ਅਨੁਸਾਰ, ਮਨੱਸ਼ਹ ਦੇ ਪਾਪਾਂ ਦੇ ਨਤੀਜੇ ਵਜੋਂ ਯਰੂਸ਼ਲਮ ਦੀ ਤਬਾਹੀ ਅਤੇ ਇਸ ਦੇ ਲੋਕਾਂ ਦੀ ਗ਼ੁਲਾਮੀ ਹੋਈ। ਬਿਰਤਾਂਤ ਦਾ ਚੌਥਾ ਹਿੱਸਾ ਅੱਗੇ ਆਖਦਾ ਹੈ ਕਿ ਮਨੱਸ਼ਹ ਨੇ ਵੀ ਯਰੂਸ਼ਲਮ ਦੀਆਂ ਗਲੀਆਂ ਨੂੰ ਨਿਰਦੋਸ਼ਾਂ ਦੇ ਖ਼ੂਨ ਨਾਲ ਭਰ ਦਿੱਤਾ ਸੀ। ਫਿਰ ਅੰਤਮ ਭਾਗ ਦੱਸਦਾ ਹੈ ਕਿ ਮਨੱਸ਼ਹ ਮਰ ਗਿਆ ਅਤੇ ਦਫ਼ਨਾਇਆ ਗਿਆ।

ਸਾਰੇ 2 ਰਾਜਿਆਂ 21 ਵਿੱਚ ਮਨੱਸ਼ਹ ਦੇ ਰਾਜ ਦੀ ਇੱਕ ਵੀ ਸਕਾਰਾਤਮਕ ਵਿਸ਼ੇਸ਼ਤਾ ਨਹੀਂ ਹੈ। ਪਰ ਹੁਣ, ਆਓ 2 ਰਾਜਿਆਂ 21 ਵਿੱਚ ਮਨੱਸ਼ਹ ਦੇ ਸ਼ਾਸਨ ਦੇ ਲੇਖੇ ਦੀ ਤੁਲਨਾ 2 ਇਤਿਹਾਸ 33 ਵਿੱਚ ਉਸਦੇ ਰਾਜ ਦੇ ਸਮਾਨਾਂਤਰ

ਬਿਰਤਾਂਤ ਨਾਲ ਕਰੀਏ। ਇਤਿਹਾਸਕਾਰ ਨੇ 2 ਰਾਜਿਆਂ 21 ਦਾ ਖੰਡਨ ਨਹੀਂ ਕੀਤਾ, ਪਰ ਆਪਣੇ ਅਸਲ ਦਰਸ਼ਕਾਂ ਪ੍ਰਤੀ ਉਸਦੇ ਇਰਾਦਿਆਂ ਨੇ ਉਸਨੂੰ ਬਹੁਤ ਵੱਖਰੇ ਦੇਣ ਲਈ ਪ੍ਰੇਰਿਆ। ਦੂਜਾ ਇਤਿਹਾਸ 33:1-20 ਨੂੰ ਵੀ ਪੰਜ ਮੁੱਖ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲਾਂ, ਵਚਨ 1 ਮਨੱਸ਼ਹ ਦੇ ਰਾਜ ਦੀ ਸ਼ੁਰੂਆਤ ਨੂੰ ਪੇਸ਼ ਕਰਦੀ ਹੈ, ਜਿਸਦੀ ਵੱਡੇ ਪੱਧਰ ਤੇ 2 ਰਾਜਿਆਂ ਤੋਂ ਸਿੱਧੇ ਤੌਰ ਤੇ ਨਕਲ ਕੀਤੀ ਗਈ ਹੈ। ਦੂਜਾ, ਵਚਨ 2-9 ਵਿੱਚ, ਮਨੱਸ਼ਹ ਦੀਆਂ ਮੂਰਤੀ-ਪੂਜਾ ਨੂੰ 2 ਰਾਜਿਆਂ 21:1-9 ਤੋਂ ਆਂਮ ਫ਼ਰਕ ਨਾਲ ਗਿਣਿਆ ਗਿਆ ਹੈ।

ਇਸ ਬਿੰਦੂ ਤੱਕ, ਇਤਿਹਾਸਕਾਰ ਦਾ ਬਿਰਤਾਂਤ 2 ਰਾਜਿਆਂ ਨਾਲ ਮਿਲਦਾ-ਜੁਲਦਾ ਹੈ। ਦੋਵੇਂ ਲੇਖਾਂ ਵਿੱਚ, ਮਨੱਸ਼ਹ ਨੂੰ ਇੱਕ ਭਿਆਨਕ ਪਾਪੀ ਵਜੋਂ ਪੇਸ਼ ਕੀਤਾ ਗਿਆ ਹੈ। ਪਰ 2 ਇਤਿਹਾਸ 33 ਦੇ ਤੀਜੇ, ਚੌਥੇ ਅਤੇ ਪੰਜਵੇਂ ਭਾਗ 2 ਰਾਜਿਆਂ ਨਾਲੋਂ ਨਾਟਕੀ ਤੌਰ ਤੇ ਵੱਖਰੇ ਹਨ। ਤੀਜਾ ਭਾਗ ਨਬੀਆਂ ਦੀ ਘੋਸ਼ਣਾ ਨੂੰ ਪੂਰੀ ਤਰ੍ਹਾਂ ਛੱਡ ਦਿੰਦਾ ਹੈ ਕਿ ਮਨੱਸ਼ਹ ਦੇ ਪਾਪਾਂ ਕਾਰਨ ਯਰੂਸ਼ਲਮ ਦੇ ਵਾਸੀਆਂ ਨੂੰ ਗ਼ੁਲਾਮ ਬਣਾ ਦਿੱਤਾ ਜਾਵੇਗਾ। ਇਸ ਦੀ ਬਜਾਇ, ਵਚਨ 10-13 ਵੀਚ, ਇਤਿਹਾਸਕਾਰ ਨੇ ਦੱਸਿਆ ਕਿ ਕਿਵੇਂ ਮਨੱਸ਼ਹ ਨੂੰ ਖੁਦ ਬਾਬਲ ਵੀਚ ਗ਼ੁਲਾਮ ਬਣਾਇਆ ਗਿਆ ਸੀ। ਅਤੇ ਇਸ ਤੋਂ ਵੱਧ, ਉਸਨੇ ਦੱਸਿਆ ਕਿ ਮਨੱਸ਼ਹ ਨੇ ਗ਼ੁਲਾਮੀ ਵਿੱਚ ਰਹਿੰਦੇ ਹੋਏ ਆਪਣੇ ਪਾਪਾਂ ਤੋਂ ਤੋਬਾ ਕੀਤੀ ਅਤੇ ਪਰਮੇਸ਼ੁਰ ਤੋਂ ਮਾਫ਼ੀ ਪ੍ਰਾਪਤ ਕੀਤੀ। ਫਿਰ, ਚੌਥੇ ਭਾਗ ਵਿੱਚ, 2 ਰਾਜਿਆਂ ਵਿੱਚ ਮਨੱਸ਼ਹ ਦੀ ਹਿੰਸਾ ਦਾ ਜ਼ਿਕਰ ਕਰਨ ਦੀ ਬਜਾਏ, ਇਤਿਹਾਸਕਾਰ ਨੇ ਵਚਨ 14-17 ਵਿੱਚ ਦੱਸਿਆ ਕਿ ਮਨੱਸ਼ਹ ਯਰੂਸ਼ਲਮ ਵਾਪਸ ਆਇਆ, ਸ਼ਹਿਰ ਨੂੰ ਦੁਬਾਰਾ ਬਣਾਇਆ, ਅਤੇ ਹੈਕਲ ਵਿੱਚ ਪਰਮੇਸ਼ੁਰ ਦੀ ਉਪਾਸਨਾ ਨੂੰ ਬਹਾਲ ਕੀਤਾ। ਅਤੇ ਅੰਤ ਵਿੱਚ, 2 ਇਤਿਹਾਸ 33:18-20 ਵਿੱਚ, ਮਨੱਸ਼ਹ ਦੇ ਰਾਜ ਦੀ ਸਮਾਪਤੀ ਮਨੱਸ਼ਹ ਦੀ ਤੋਬਾ ਦੀ ਪ੍ਰਾਰਥਨਾ ਦਾ ਇੱਕ ਹੋਰ ਹਵਾਲਾ ਸ਼ਾਮਲ ਕਰਕੇ 2 ਰਾਜਿਆਂ ਉੱਤੇ ਫੈਲਦੀ ਹੈ। ਸਾਨੂੰ 2 ਰਾਜਿਆਂ ਵਿੱਚ ਮਨੱਸ਼ਹ ਦੇ ਜੀਵਨ ਦੇ ਲੇਖੇ ਅਤੇ 2 ਇਤਿਹਾਸ ਦੇ ਲੇਖੇ ਵਿੱਚ ਇਹਨਾਂ ਅੰਤਰਾਂ ਦੀ ਵਿਆਖਿਆ ਕਿਵੇਂ ਕਰਨੀ ਚਾਹੀਦੀ ਹੈ? ਇਹ ਬਿਰਤਾਂਤ ਇੰਨੇ ਵੱਖਰੇ ਕਿਉਂ ਹਨ?

ਸੰਖੇਪ ਵਿੱਚ, ਅੰਤਰਾਂ ਨੂੰ ਇਸ ਤੱਥ ਦੁਆਰਾ ਸਮਝਾਇਆ ਜਾ ਸਕਦਾ ਹੈ ਕਿ ਰਾਜੇ ਅਤੇ ਇਤਿਹਾਸ ਵੱਖ-ਵੱਖ ਲੇਖਕਾਂ ਦੁਆਰਾ ਅਤੇ ਵੱਖੋ-ਵੱਖਰੇ ਦਰਸ਼ਕਾਂ ਲਈ ਰਚੇ ਗਏ ਸਨ। ਹਰੇਕ ਲੇਖਕ ਨੇ ਆਪਣੇ ਦਰਸ਼ਕਾਂ ਦੇ ਜੀਵਨ ਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਭਾਵੀਤ ਕਰਨ ਲਈ ਆਪਣੇ ਬਿਰਤਾਂਤ ਦੀ ਰਚਨਾ ਕੀਤੀ ਹੈ। ਰਾਜੇ ਦੇ ਲੇਖਕ ਨੇ ਮਨੱਸ਼ਹ ਦੇ ਰਾਜ ਦਾ ਇੱਕ ਵੀਆਪਕ, ਉਦੇਸ਼ਪੂਰਨ ਬਿਰਤਾਂਤ ਦੇਣ ਲਈ ਨਹੀਂ ਲਿਖਿਆ। ਇਸ ਦੀ ਬਜਾਇ, ਉਸ ਨੇ ਆਪਣੀ ਕਿਤਾਬ ਦੇ ਮੁੱਖ ਮਨੋਰਥਾਂ ਵਿੱਚੋਂ ਇੱਕ ਨੂੰ ਸਮਝਾਉਣ ਲਈ ਮਨੱਸ਼ਹ ਦੇ ਭਿਆਨਕ ਪਾਪਾਂ ਬਾਰੇ ਲਿਖਿਆ: ਪਰਮੇਸ਼ੁਰ ਨੇ ਯਰੂਸ਼ਲਮ ਦੇ ਵੀਰੁੱਧ ਨਿਆਉਂ ਲਿਆਉਣਾ ਸੀ ਅਤੇ ਮਨੱਸ਼ਹ ਦੇ ਕਾਰਨ ਆਪਣੇ ਲੋਕਾਂ ਨੂੰ ਗ਼ੁਲਾਮੀ ਵਿੱਚ ਭੇਜਣਾ ਸੀ।

ਪਰ ਜਿਵੇਂ ਅਸੀਂ ਵੇਖਿਆ ਹੈ, ਇਤਿਹਾਸ ਦੀ ਸਥਿਤੀ ਬਹੁਤ ਵੱਖਰੀ ਸੀ। ਉਸਨੇ ਗੁਲਾਮੀ ਤੋਂ ਬਾਅਦ ਆਪਣੇ ਇਤਿਹਾਸ ਨੂੰ ਪਰਮੇਸ਼ੁਰ ਦੀ ਵਫ਼ਾਦਾਰ ਸੇਵਾ ਵਿੱਚ ਅੱਗੇ ਵਧਣ ਲਈ ਸੰਘਰਸ਼ਸ਼ੀਲ ਬਹਾਲ ਭਾਈਚਾਰੇ ਨੂੰ ਪ੍ਰੇਰਿਤ ਕਰਨ ਦੀ ਕੋਸ਼ਿਸ਼ ਵਿੱਚ ਲਿਖਿਆ। ਇਸ ਕਾਰਨ ਕਰਕੇ, ਇਤਿਹਾਸ ਨੇ ਮਨੱਸ਼ਹ ਬਾਰੇ ਸੱਚੀਆਂ ਗੱਲਾਂ ਨੂੰ ਛੱਡ ਦਿੱਤਾ ਅਤੇ ਜੋੜਿਆ ਜੋ ਉਸ ਦੇ ਉਦੇਸ਼ਾਂ ਨਾਲ ਮੇਲ ਖਾਂਦੀਆਂ ਸਨ। ਉਸਨੇ ਮਨੱਸ਼ਹ ਦੇ ਜੀਵਨ ਦੇ ਵੇਰਵੀਆਂ ਨੂੰ ਪ੍ਰਕਾਸ਼ਤ ਕੀਤਾ ਜੋ ਉਸਦੇ ਆਪਣੇ ਇਸਰਾਏਲੀ ਪਾਠਕਾਂ ਦੇ ਜੀਵਨ ਦੇ ਵੇਰਵੀਆਂ ਦੇ ਸਮਾਨ ਹਨ। ਮਨੱਸ਼ਹ ਨੇ ਭਿਆਨਕ ਪਾਪ ਕੀਤਾ ਸੀ, ਅਤੇ ਉਨ੍ਹਾਂ ਨੇ ਵੀ ਅਜਿਹਾ ਹੀ ਕੀਤਾ ਸੀ। ਮਨੱਸ਼ਹ ਨੂੰ ਬਾਬਲ ਦੁਆਰਾ ਗ਼ੁਲਾਮ ਬਣਾਇਆ ਗਿਆ ਸੀ, ਅਤੇ ਉਹ ਵੀ ਸਨ। ਮਨੱਸ਼ਹ ਨੇ ਤੋਬਾ ਕੀਤੀ ਸੀ ਅਤੇ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਗਿਆ ਸੀ, ਅਤੇ ਉਨ੍ਹਾਂ ਨੂੰ ਵੀ। ਅਤੇ ਸ਼ਾਇਦ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ, ਇਕ ਵਾਰ ਜਦੋਂ ਮਨੱਸ਼ਹ ਵਾਅਦਾ ਕੀਤੇ ਹੋਏ ਦੇਸ਼ ਵਾਪਸ ਆ ਗਿਆ ਸੀ, ਤਾਂ ਉਸ ਨੇ ਯਰੂਸ਼ਲਮ ਸ਼ਹਿਰ ਨੂੰ ਦੁਬਾਰਾ ਬਣਾਇਆ ਸੀ ਅਤੇ ਸਹੀ ਉਪਾਸਨਾ ਨੂੰ ਬਹਾਲ ਕੀਤਾ ਸੀ। ਅਤੇ ਇਹ ਸਟੀਕ ਚੁਣੌਤੀ ਸੀ ਜਿਸਦਾ ਇਤਿਹਾਸ

ਦੇ ਦਰਸ਼ਕਾਂ ਨੇ ਆਪਣੇ ਦਿਨਾਂ ਵਿੱਚ ਸਾਹਮਣਾ ਕੀਤਾ। ਇਤਿਹਾਸਕਾਰ ਦਾ ਮੁੱਖ ਨੁਕਤਾ ਇਹ ਸੀ: ਜੇ ਯਹੂਦਾਹ ਦੀ ਗ਼ੁਲਾਮੀ ਦਾ ਕਾਰਨ ਬਣੇ ਰਾਜੇ ਨੇ ਵੀ ਮੁੜ ਉਸਾਰੀ ਕੀਤੀ ਅਤੇ ਰਾਜ ਨੂੰ ਬਹਾਲ ਕੀਤਾ ਹੁੰਦਾ ਜਦੋਂ ਉਹ ਧਰਤੀ ਤੇ ਵਾਪਸ ਪਰਤਿਆ, ਤਾਂ ਨਿਸ਼ਚਤ ਤੌਰ ਤੇ ਇਤਿਹਾਸਕਾਰ ਦੇ ਆਪਣੇ ਦਰਸ਼ਕਾਂ ਨੂੰ ਵੀ ਅਜਿਹਾ ਕਰਨਾ ਚਾਹੀਦਾ ਹੈ।

ਮਨੱਸ਼ਹ ਦੇ ਰਾਜ ਦੇ ਬਿਰਤਾਂਤਾਂ ਵਿੱਚਕਾਰ ਇਹ ਤੁਲਨਾ ਦਰਸਾਉਂਦੀ ਹੈ ਕਿ ਪੁਰਾਣੇ ਨੇਮ ਦੀਆਂ ਕਿਤਾਬਾਂ ਨੂੰ ਤਸਵੀਰਾਂ, ਜਾਂ ਸਾਹਿਤਕ ਚਿੱਤਰਾਂ ਵਿੱਚ ਸਮਝਣਾ ਇੰਨਾ ਮਹੱਤਵਪੂਰਨ ਕਿਉਂ ਹੈ। ਜਦੋਂ ਕਿ ਸਾਡੇ ਲਈ ਦਿਲਚਸਪੀ ਵਾਲੇ ਵਿਸ਼ੇ ਅਤੇ ਸੱਚੇ ਇਤਿਹਾਸਿਕ ਲੇਖੇ ਪੁਰਾਣੇ ਨੇਮ ਵਿੱਚ ਪ੍ਰਗਟ ਹੁੰਦੇ ਹਨ, ਸਾਨੂੰ ਇਸ ਤੱਥ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ: ਪੁਰਾਣੇ ਨੇਮ ਦੇ ਲੇਖਕਾਂ ਨੇ ਉਹਨਾਂ ਦੀਆਂ ਕਿਤਾਬਾਂ ਦੀਆਂ ਵਸਤਾਂ ਅਤੇ ਬਣਤਰਾਂ ਨੂੰ ਉਹਨਾਂ ਦੇ ਅਸਲ ਦਰਸ਼ਕਾਂ ਦੇ ਰਹਿਣ ਦੇ ਖਾਸ ਤਰੀਕਿਆਂ ਤੇ ਜ਼ੋਰ ਦੇਣ ਲਈ ਰਚਨਾ ਕੀਤੀ ਸੀ। ਇਸ ਕਿਸਮ ਦੀ ਸਾਹਿਤਕ ਪਹੁੰਚ ਅੱਜ ਸਾਡੇ ਲਈ ਪੁਰਾਣੇ ਨੇਮ ਦੇ ਪਵਿੱਤਰ ਸ਼ਾਸਤਰਾਂ ਵਿੱਚ ਬਹੁਤ ਸਾਰੀਆਂ ਸੂਝਾਂ ਨੂੰ ਖੋਲ੍ਹਦੀ ਹੈ।

## ਸਿੱਟਾ

ਇਸ ਪਾਠ ਵਿੱਚ, ਅਸੀਂ ਵੇਖਿਆ ਹੈ ਕਿ ਪੁਰਾਣੇ ਨੇਮ ਦੇ ਸਿਧਾਂਤ ਨੇ ਪਰਮੇਸ਼ੁਰ ਦੇ ਰਾਜ ਅਤੇ ਉਸਦੇ ਨੇਮਾਂ ਬਾਰੇ ਉਹਨਾਂ ਦੀ ਨਿਹਚਾ ਨੂੰ ਉਹਨਾਂ ਸਥਿਤੀਆਂ ਵਿੱਚ ਲਾਗੂ ਕਰਕੇ ਪਰਮੇਸ਼ੁਰ ਦੇ ਲੋਕਾਂ ਦੀਆਂ ਲੋੜਾਂ ਨੂੰ ਸੰਬੋਧਿਤ ਕੀਤਾ ਜਿਨ੍ਹਾਂ ਦਾ ਉਹਨਾਂ ਨੇ ਸਾਹਮਣਾ ਕੀਤਾ। ਪੁਰਾਣੇ ਨੇਮ ਦੀਆਂ ਕਿਤਾਬਾਂ ਨੇ ਕਈ ਤਰੀਕਿਆਂ ਨਾਲ ਅਜਿਹਾ ਕੀਤਾ ਹੈ। ਜਦੋਂ ਅਸੀਂ ਪੁਰਾਣੇ ਨੇਮ ਦੇ ਸਿਧਾਂਤ ਨੂੰ ਸ਼ੀਸ਼ੇ ਦੇ ਰੂਪ ਵਿੱਚ ਵੇਖਦੇ ਹਾਂ, ਤਾਂ ਅਸੀਂ ਵੇਖਦੇ ਹਾਂ ਕਿ ਇਹ ਕਿਤਾਬਾਂ ਸਾਡੇ ਲਈ ਮਹੱਤਵਪੂਰਨ ਅਣਗਿਣਤ ਵਿਸ਼ਿਆਂ ਨੂੰ ਕਿਵੇਂ ਛੂੰਹਦੀਆਂ ਹਨ। ਜਦੋਂ ਅਸੀਂ ਇੱਕ ਖਿੜਕੀ ਦੇ ਰੂਪ ਵਿੱਚ ਨਿਰਧਾਰਿਤ ਤੱਕ ਪਹੁੰਚਦੇ ਹਾਂ, ਤਾਂ ਅਸੀਂ ਵੇਖਦੇ ਹਾਂ ਕਿ ਉਹ ਇਤਿਹਾਸ ਨੂੰ ਕਿਵੇਂ ਸਹੀ ਦ੍ਰਿਸ਼ਟੀਕੋਣ ਪ੍ਰਦਾਨ ਕਰਦੇ ਹਨ। ਅਤੇ ਜਦੋਂ ਅਸੀਂ ਪੁਰਾਣੇ ਨੇਮ ਦੇ ਸਿਧਾਂਤ ਨੂੰ ਸਾਹਿਤਕ ਤਸਵੀਰਾਂ ਜਾਂ ਚਿੱਤਰਾਂ ਦੇ ਸੰਗ੍ਰਹਿ ਵਜੋਂ ਮੰਨਦੇ ਹਾਂ, ਤਾਂ ਅਸੀਂ ਇਹਨਾਂ ਸਾਰੇ ਵਿਸ਼ਿਆਂ ਅਤੇ ਇਤਿਹਾਸਿਕ ਘਟਨਾਵਾਂ ਤੇ ਕੁੱਝ ਦ੍ਰਿਸ਼ਟੀਕੋਣਾਂ ਨੂੰ ਪਛਾਣਦੇ ਹਾਂ।

ਮਸੀਹ ਦੇ ਵਫ਼ਾਦਾਰ ਚੇਲਿਆਂ ਵਜੋਂ, ਸਾਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਪੁਰਾਣੇ ਨੇਮ ਦੀਆਂ ਕਿਤਾਬਾਂ ਨੂੰ ਸ਼ੀਸ਼ੇ ਵਜੋਂ ਕਿਵੇਂ ਪਹੁੰਚਣਾ ਹੈ ਜੋ ਸਾਡੀਆਂ ਰੁਚੀਆਂ ਅਤੇ ਜ਼ਰੂਰਤਾਂ ਨੂੰ ਸੰਬੋਧਿਤ ਕਰਦੇ ਹਨ, ਬਾਰੀਆਂ ਦੇ ਰੂਪ ਵਿੱਚ ਜੋ ਇਤਿਹਾਸ ਵਿੱਚ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਕੰਮਾਂ ਨੂੰ ਦਰਸਾਉਂਦੇ ਹਨ ਅਤੇ ਸਾਹਿਤਕ ਚਿੱਤਰਾਂ ਦੇ ਰੂਪ ਵਿੱਚ ਜੋ ਸੇਵਾ ਦੇ ਖਾਸ ਰਾਹਾਂ ਤੇ ਜ਼ੋਰ ਦਿੰਦੇ ਹਨ ਜਿਸਦਾ ਪਰਮੇਸ਼ੁਰ ਦੇ ਲੋਕਾਂ ਨੂੰ ਪਿੱਛਾ ਕਰਨਾ ਚਾਹੀਦਾ ਹੈ। ਪੁਰਾਣੇ ਨੇਮ ਦੀਆਂ ਕਿਤਾਬਾਂ ਪਹਿਲਾਂ ਬਹੁਤ ਸਾਰੇ ਵੱਖ-ਵੱਖ ਲੋਕਾਂ ਲਈ ਲਿਖੀਆਂ ਗਈਆਂ ਸਨ ਜਿਨ੍ਹਾਂ ਨੇ ਪ੍ਰਾਚੀਨ ਸੰਸਾਰ ਵਿੱਚ ਕਈ ਤਰ੍ਹਾਂ ਦੇ ਮੌਕਿਆਂ ਅਤੇ ਚੁਣੌਤੀਆਂ ਦਾ ਸਾਹਮਣਾ ਕੀਤਾ ਸੀ। ਅਤੇ ਜਿਵੇਂ ਕਿ ਅਸੀਂ ਅੱਜ ਸਾਡੇ ਜੀਵਨਾਂ ਵਿੱਚ ਸਮਾਨ ਮੌਕਿਆਂ ਅਤੇ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਾਂ, ਪੁਰਾਣੇ ਨੇਮ ਦੀਆਂ ਕਿਤਾਬਾਂ ਸਾਨੂੰ ਇਹ ਵੀ ਸਿਖਾਉਂਦੀਆਂ ਹਨ ਕਿ ਅਸੀਂ ਕਿਵੇਂ ਪਰਮੇਸ਼ੁਰ ਦੇ ਨੇਮਾਂ ਪ੍ਰਤੀ ਵਫ਼ਾਦਾਰ ਰਹਿਣਾ ਹੈ ਤਾਂ ਜੋ ਅਸੀਂ ਧਰਤੀ ਉੱਤੇ ਪਰਮੇਸ਼ੁਰ ਦੇ ਰਾਜ ਨੂੰ ਅੱਗੇ ਵਧਾ ਸਕੀਏ ਜਦੋਂ ਤੱਕ ਮਸੀਹ ਵਡਿਆਈ ਵਿੱਚ ਵਾਪਸ ਨਹੀਂ ਆਉਂਦਾ।

# ਸਹਿਯੋਗੀ

**ਡਾ. ਰਿਚਰਡ ਐਲ. ਪ੍ਰੈਟ**, **ਜੂਨੀਅਰ (ਮੇਜ਼ਬਾਨ)** ਥਰਡ ਮਿਲੇਨੀਅਮ ਸੇਵਕਾਈ ਦੇ ਸਹਿ-ਸੰਸਥਾਪਕ ਅਤੇ ਪ੍ਰਧਾਨ ਹਨ। ਉਸਨੇ 20 ਸਾਲਾਂ ਤੋਂ ਵੱਧ ਸਮੇਂ ਲਈ ਰਿਫਾਰਮਡ ਥੀਓਲਾਜੀਕਲ ਸੈਮੀਨਰੀ ਵਿੱਚ ਪੁਰਾਣੇ ਨੇਮ ਦੇ ਪ੍ਰੋਫੈਸਰ ਵਜੋਂ ਸੇਵਾ ਕੀਤੀ ਅਤੇ ਪੁਰਾਣੇ ਨੇਮ ਵਿਭਾਗ ਦੀ ਪ੍ਰਧਾਨਗੀ ਕੀਤੀ। ਇੱਕ ਠਹਿਰਾਏ ਹੋਏ ਸੇਵਕ ਦੇ ਤੌਰ ਤੇ, ਡਾ. ਪ੍ਰੈਟ ਪ੍ਰਚਾਰ ਕਰਨ ਅਤੇ ਸਿਖਾਉਣ ਲਈ ਵਿਆਪਕ ਯਾਤਰਾ ਕਰਦਾ ਹੈ। ਉਸਨੇ ਵੈਸਟਮਿੰਸਟਰ ਥੀਓਲਾਜੀਕਲ ਸੈਮੀਨਰੀ ਵਿੱਚ ਪੜ੍ਹਾਈ ਕੀਤੀ, ਆਪਣੀ ਐਮ.ਡਿਵ ਯੂਨੀਅਨ ਥੀਓਲਾਜੀਕਲ ਸੈਮੀਨਰੀ ਤੋਂ, ਅਤੇ ਹਾਰਵਰਡ ਯੂਨੀਵਰਸਿਟੀ ਤੋਂ ਪੁਰਾਣੇ ਨੇਮ ਦੇ ਅਧਿਐਨ ਵਿੱਚ ਉੱਚ ਪੱਧਰੀ ਪੜ੍ਹਾਈ ਕੀਤੀ ਹੈ। ਡਾ. ਪ੍ਰੈਟ NIV ਸਪਿਰਿਟ ਆਫ਼ ਦ ਰਿਫੋਰਮੇਸ਼ਨ ਸਟੱਡੀ ਬਾਈਬਲ ਦੇ ਜਨਰਲ ਸੰਪਾਦਕ ਅਤੇ ਨਿਊ ਲਿਵਿੰਗ ਟ੍ਰਾਂਸਲੇਸ਼ਨ ਲਈ ਅਨੁਵਾਦਕ ਹਨ। ਉਸਨੇ ਬਹੁਤ ਸਾਰੀਆਂ ਕਿਤਾਬਾਂ ਅਤੇ ਸਿਰਲੇਖ ਲਿਖੇ ਹਨ ਜਿਸ ਵਿੱਚ *ਆਪਣੀਆਂ ਅੱਖਾਂ ਖੋਲ੍ਹ ਕੇ ਪ੍ਰਾਰਥਨਾ ਕਰਨਾ, ਹਰ ਵਿਚਾਰ ਨੂੰ ਅਧੀਨ ਕਰਨਾ, ਮਹਿਮਾ ਦੇ ਲਈ ਰਚੇ ਗਏ, ਉਸਨੇ ਸਾਨੂੰ ਕਹਾਣੀਆਂ ਦਿੱਤੀਆਂ, 1 ਅਤੇ 2 ਇਤਿਹਾਸ ਅਤੇ 1 ਅਤੇ 2 ਕੁਰਿੰਥੀਆਂ ਤੇ ਟੀਕਾ* ਸ਼ਾਮਿਲ ਹਨ।

---

**ਡਾ. ਅਸ਼ੀਸ਼ ਕ੍ਰਿਸਪਾਲ** ਓਵਰਸੀਜ਼ ਕੌਂਸਲ ਲਈ ਏਸ਼ੀਆ ਦੇ ਖੇਤਰੀ ਨਿਰਦੇਸ਼ਕ ਹਨ।

**ਰੇਵ. ਮਾਈਕਲ ਜੇ. ਗਲੋਡੋ** ਓਰਲੈਂਡੋ, ਫਲੋਰੀਡਾ ਵਿੱਚ ਰਿਫਾਰਮਡ ਥੀਓਲਾਜੀਕਲ ਸੈਮੀਨਰੀ ਵਿੱਚ ਬਾਈਬਲ ਸਟੱਡੀਜ਼ ਦੇ ਐਸੋਸੀਏਟ ਪ੍ਰੋਫੈਸਰ ਹਨ।

**ਡਾ. ਡੈਨਿਸ ਈ. ਜੌਨਸਨ** ਵੈਸਟਮਿੰਸਟਰ ਸੈਮੀਨਰੀ ਕੈਲੀਫੋਰਨੀਆ ਵਿਖੇ ਪ੍ਰੈਕਟੀਕਲ ਥੀਓਲੋਜੀ ਦੇ ਪ੍ਰੋਫੈਸਰ ਐਮਰੀਟਸ ਹਨ।

**ਡਾ. ਜਿਮ ਜੌਰਡਨ** ਟਰੇਨਿੰਗ ਲੀਡਰਜ਼ ਇੰਟਰਨੈਸ਼ਨਲ ਲਈ ਇੱਕ ਅੰਤਰਰਾਸ਼ਟਰੀ ਟ੍ਰੇਨਰ ਹੈ।

**ਰੇਵ. ਕੇਵਿਨ ਲੈਬੀ** ਵਿੰਟਰ ਸਪ੍ਰਿੰਗਜ਼, FL ਵਿੱਚ ਵਿਲੋ ਕ੍ਰੀਕ ਚਰਚ ਦਾ ਸੀਨੀਅਰ ਪਾਦਰੀ ਹੈ।

**ਡਾ. ਜੌਨ ਓਸਵਾਲਟ** ਐਸਬਰੀ ਥੀਓਲਾਜੀਕਲ ਸੈਮੀਨਰੀ ਵਿਖੇ ਪੁਰਾਣੇ ਨੇਮ ਦੇ ਵਿਜ਼ਿਟਿੰਗ ਡਿਸਟਿੰਗੂਸ਼ਡ ਪ੍ਰੋਫੈਸਰ ਹਨ।

**ਡਾ. ਕਲੇ ਕੁਆਰਟਰਮੈਨ** 2019 ਵਿੱਚ ਸੇਵਾਮੁਕਤ ਹੋਣ ਤੱਕ ਯੂਕਰੇਨ ਦੇ ਈਵੈਂਜਲੀਕਲ ਰਿਫਾਰਮਡ ਸੈਮੀਨਰੀ ਦੇ ਪ੍ਰਧਾਨ ਸਨ।

**ਡਾ. ਸਟੀਫਨ ਜੇ. ਵੇਲਮ** ਦੱਖਣੀ ਬੈਪਟਿਸਟ ਥੀਓਲਾਜੀਕਲ ਸੈਮੀਨਰੀ ਵਿਖੇ ਕ੍ਰਿਸ਼ਚੀਅਨ ਥੀਓਲੋਜੀ ਦੇ ਪ੍ਰੋਫੈਸਰ ਹਨ।

**ਡਾ. ਡੇਵਿਡ ਆਰ. ਬਾਊਰ** ਸਕੂਲ ਆਫ਼ ਬਿਬਲੀਕਲ ਇੰਟਰਪ੍ਰੀਟੇਸ਼ਨ ਦੇ ਡੀਨ ਅਤੇ ਐਸਬਰੀ ਥੀਓਲਾਜੀਕਲ ਸੈਮੀਨਰੀ ਵਿਖੇ ਇੰਡਕਟਿਵ ਬਿਬਲੀਕਲ ਸਟੱਡੀਜ਼ ਦੇ ਰਾਲਫ਼ ਵਾਲਡੋ ਬੀਸਨ ਪ੍ਰੋਫੈਸਰ ਹਨ।

# ਸ਼ਬਦਾਵਲੀ

**ਅਬਰਾਹਾਮ** - ਪੁਰਾਣੇ ਨੇਮ ਦੇ ਪੁਰਖ, ਤੇਰਹ ਦਾ ਪੁੱਤਰ, ਇਸਰਾਏਲ ਕੌਮ ਦਾ ਪਿਤਾ ਜਿਸ ਨਾਲ ਪਰਮੇਸ਼ੁਰ ਨੇ ਉਤਪਤ 15 ਅਤੇ 17 ਵਿੱਚ ਅਣਗਿਣਤ ਅੰਸ ਅਤੇ ਇੱਕ ਵੀਸ਼ੇਸ਼ ਧਰਤੀ ਦਾ ਵਾਅਦਾ ਕੀਤਾ ਸੀ।

**ਪ੍ਰਭਾਵੀ ਭਰਮ** - ਇਸ ਗੱਲ ਤੇ ਬਹੁਤ ਜ਼ਿਆਦਾ ਧਿਆਨ ਕੇਂਦ੍ਰਤ ਕਰਨ ਦੀ ਵਿਆਖਿਆਤਮਕ ਗ਼ਲਤੀ ਕਿ ਕਿਵੇਂ ਪਵਿੱਤਰ ਸ਼ਾਸਤਰ ਦੇ ਬੀਤਣ ਨੇ ਇਸਦੇ ਅਸਲ ਦਰਸ਼ਕਾਂ ਨੂੰ ਪ੍ਰਭਾਵਤ ਕੀਤਾ

**ਵੇਦ ਸ਼ਾਸਤਰੀ ਬਾਈਬਲ** - ਪਵਿੱਤਰ ਸ਼ਾਸਤਰ ਵਿੱਚ ਦੱਸੇ ਗਏ ਪਰਮੇਸ਼ੁਰ ਦੇ ਕੰਮਾਂ ਦੇ ਇਤਿਹਾਸਿਕ ਵਿਸ਼ਲੇਸ਼ਣ ਤੋਂ ਖਿੱਚਿਆ ਗਿਆ ਵੇਦ ਸ਼ਾਸਤਰੀ ਪ੍ਰਤੀਬਿੰਬ

**ਕੈਨਨ** - ਪ੍ਰਮਾਣਿਕ ਮਿਆਰ; ਯਹੂਦੀ-ਮਸੀਹੀ ਰੀਤਾਂ ਵਿੱਚ ਦਸਤਾਵੇਜ਼ਾਂ ਦਾ ਨਿਵੇਕਲਾ ਸੰਗ੍ਰਹਿ ਜਿਸਨੂੰ ਪਵਿੱਤਰ ਸ਼ਾਸਤਰ ਵਜੋਂ ਮਾਨਤਾ ਪ੍ਰਾਪਤ ਹੈ

**ਨੇਮ** - ਲੋਕ ਜਾਂ ਲੋਕਾਂ ਦੇ ਸਮੂਹ, ਜਾਂ ਪਰਮੇਸ਼ੁਰ ਅਤੇ ਇੱਕ ਵੀਅਕਤੀ ਜਾਂ ਲੋਕਾਂ ਦੇ ਸਮੂਹ ਵੀਚਕਾਰ ਕੀਤਾ ਗਿਆ ਇੱਕ ਬੰਧਨਯੋਗ ਕਾਨੂੰਨੀ ਸਮਝੌਤਾ

**ਕਿਰਪਾ ਦਾ ਨੇਮ** - ਪਾਪ ਵਿੱਚ ਡਿੱਗਣ ਤੋਂ ਬਾਅਦ ਪਰਮੇਸ਼ੁਰ ਨੇ ਮਨੁੱਖਤਾ ਨਾਲ ਸਥਾਪਿਤ ਕੀਤੇ ਨੇਮ ਦਾ ਸਬੰਧ ਜੋ ਮਸੀਹ ਵਿੱਚ ਪਰਮੇਸ਼ੁਰ ਦੀ ਦਯਾ ਦੇ ਆਧਾਰ ਤੇ ਮਾਫ਼ੀ ਅਤੇ ਮੁਕਤੀ ਪ੍ਰਦਾਨ ਕਰਦਾ ਹੈ।

**ਕੰਮਾਂ ਦਾ ਨੇਮ** - ਪਰਮੇਸ਼ੁਰ ਦਾ ਆਦਮ ਨਾਲ ਬੰਨ੍ਹਿਆ ਨੇਮ ਜਿਸ ਨੇ ਪਰਮੇਸ਼ੁਰ ਦੇ ਰਾਜ ਦੇ ਟੀਚਿਆਂ ਅਤੇ ਉਸਦੇ ਰਾਜ ਵੀਚ ਮਨੁੱਖਾਂ ਦੀ ਭੂਮਿਕਾ ਤੇ ਜ਼ੋਰ ਦਿੱਤਾ

**ਫਾਰਸ** - 559-530 ਇਸਵੀ ਪੂਰਵ ਤੱਕ ਫ਼ਾਰਸੀ ਸਮਰਾਟ ਜਿਸ ਨੇ ਹੁਕਮ ਦਿੱਤਾ ਕਿ ਇਸਰਾਏਲੀ ਵਾਅਦਾ ਕੀਤੇ ਹੋਏ ਦੇਸ਼ ਨੂੰ ਵਾਪਸ ਜਾ ਸਕਦੇ ਹਨ

**ਦਾਊਦ** - ਇਸਰਾਏਲ ਦਾ ਦੂਜਾ ਪੁਰਾਣੇ ਨੇਮ ਦਾ ਰਾਜਾ ਜਿਸ ਨੇ ਇਹ ਵਾਅਦਾ ਪ੍ਰਾਪਤ ਕੀਤਾ ਕਿ ਉਸ ਦੀ ਅੰਸ ਸਿੰਘਾਸਣ ਤੇ ਬੈਠੇਗੀ ਅਤੇ ਸਦਾ ਲਈ ਰਾਜ ਕਰੇਗੀ।

**ਡਾਇਕ੍ਰੋਨਿਕ** - ਸਮੇਂ ਦੀ ਇੱਕ ਮਿਆਦ ਵਿੱਚ ਹੁੰਦਾ ਹੈ

**ਡਾਇਕ੍ਰੋਨਿਕ ਖੋਜ** - ਬਾਈਬਲ ਦੀਆਂ ਘਟਨਾਵਾਂ ਨੂੰ ਇੱਕ ਸਮੇਂ ਤੋਂ ਦੂਜੇ ਸਮੇਂ ਤੱਕ, ਸਮੇਂ ਦੇ ਨਾਲ ਇੱਕ ਦੂਜੇ ਨਾਲ ਜੋੜਨ ਦੇ ਤਰੀਕਿਆਂ ਲਈ ਮਿਆਦ

**ਸਿਧਾਂਤ** - ਇੱਕ ਧਰਮ ਸ਼ਾਸਤਰੀ ਵੀਸ਼ੇ ਤੇ ਬਾਈਬਲ ਦੀਆਂ ਸਿੱਖਿਆਵਾਂ ਦਾ ਸੰਸਲੇਸ਼ਣ ਅਤੇ ਵਿਆਖਿਆ

**ਵਿਆਖਿਆ** - ਇੱਕ ਯੂਨਾਨੀ ਸ਼ਬਦ ਤੋਂ ਜਿਸਦਾ ਅਰਥ ਹੈ "ਕਿਸੇ ਤੋਂ ਅਗਵਾਈ" ਜਾਂ "ਕਿਸੇ ਤੋਂ ਲਿਆ ਗਿਆ"; ਪਵਿੱਤਰ ਸ਼ਾਸਤਰ ਦੇ ਇੱਕ ਹਵਾਲੇ ਦੀ ਸਹੀ ਵਿਆਖਿਆ ਕਰਨ ਦੀ ਪ੍ਰਕਿਰਿਆ

**ਗੋਲਿਅਥ** - ਵੱਡਾ ਫਿਲਿਸਤੀ ਯੋਧਾ ਜਿਸ ਨੇ ਇਸਰਾਏਲ ਨੂੰ ਉਸ ਨਾਲ ਲੜਨ ਲਈ ਚੁਣੌਤੀ ਦਿੱਤੀ ਅਤੇ ਨੌਜਵਾਨ ਦਾਊਦ ਦੁਆਰਾ ਮਾਰਿਆ ਗਿਆ

**ਗੈਲੀਲੀਓ** – (1564-1642) ਇਤਾਲਵੀ ਖਗੋਲ-ਵੀਗਿਆਨੀ, ਦਾਰਸ਼ਨਿਕ, ਵੀਗਿਆਨੀ ਅਤੇ ਗਣਿਤ-ਵੀਗਿਆਨੀ ਜਿਸਨੇ ਆਧੁਨਿਕ ਵੀਗਿਆਨ ਵਿੱਚ ਅਣਗਿਣਤ ਯੋਗਦਾਨ ਪਾਇਆ ਅਤੇ ਰਵਾਇਤੀ ਨਿਹਚਾ ਨੂੰ ਚੁਣੌਤੀ ਦਿੱਤੀ ਕਿ ਧਰਤੀ ਵੀਸ਼ਵ ਦਾ ਕੇਂਦਰ ਹੈ।

**ਵੀਆਕਰਨਿਕ-ਇਤਿਹਾਸਿਕ ਵੀਧੀ** - ਹਰਮੇਨੇਯੂਟਿਕਸ ਦੀ ਇੱਕ ਵੀਧੀ ਜੋ ਪਵਿੱਤਰ ਸ਼ਾਸਤਰਾਂ ਦੀ ਉਹਨਾਂ ਦੀਆਂ ਮੂਲ ਭਾਸ਼ਾਵਾਂ ਵਿੱਚ ਅਤੇ ਉਹਨਾਂ ਦੇ ਮੂਲ ਸੰਦਰਭਾਂ ਦੇ ਮੱਦੇਨਜ਼ਰ ਖੋਜ ਕਰਦੀ ਹੈ।

**ਸਪੱਸ਼ਟ ਭੁਲੇਖੇ** - ਲੇਖਕ ਅਤੇ ਦਰਸ਼ਕਾਂ ਵਰਗੇ ਪ੍ਰਸੰਗਿਕ ਵੀਚਾਰਾਂ ਦੇ ਅਨੁਸਾਰੀ ਬੇਦਖਲੀ ਲਈ, ਦਸਤਾਵੇਜ਼ ਨੂੰ ਆਪਣੇ ਆਪ ਤੇ ਜ਼ਿਆਦਾ ਜ਼ੋਰ ਦੇਣ ਦੀ ਵਿਆਖਿਆਤਮਕ ਗ਼ਲਤੀ

**ਹਾਜਰਾ** - ਸਾਰਾਹ ਦੀ ਗੋਲੀ ਜੋ ਅਬਰਾਹਾਮ ਨਾਲ ਸੌਂ ਗਈ ਅਤੇ ਇਸਮਾਈਲ ਨੂੰ ਜਨਮ ਦਿੱਤਾ

**ਇਤਿਹਾਸਿਕ ਵਿਸ਼ਲੇਸ਼ਣ** - ਬਾਈਬਲ ਲਈ ਇੱਕ ਵਿਆਖਿਆਤਮਿਕ ਪਹੁੰਚ ਜੋ ਪਵਿੱਤਰ ਸ਼ਾਸਤਰ ਨੂੰ ਇਤਿਹਾਸ ਦੀ ਇੱਕ ਬਾਰੀ ਵਜੋਂ ਵੇਖਦੀ ਹੈ

**ਜਾਣਬੁੱਝ ਕੇ ਭੁਲੇਖਾ** - ਇੱਕ ਲੇਖਕ ਅਤੇ ਉਸਦੇ ਇਰਾਦਿਆਂ ਬਾਰੇ ਜੋ ਅਸੀਂ ਸੋਚਦੇ ਹਾਂ ਉਸ ਤੇ ਬਹੁਤ ਜ਼ਿਆਦਾ ਭਰੋਸਾ ਕਰਨ ਦੀ ਵਿਆਖਿਆਤਮਕ ਗ਼ਲਤੀ, ਅਤੇ ਉਹਨਾਂ ਚੀਜ਼ਾਂ ਤੇ ਜ਼ੋਰ ਦੇਣਾ ਜੋ ਅਸੀਂ ਦਸਤਾਵੇਜ਼ ਅਤੇ ਦਰਸ਼ਕਾਂ ਬਾਰੇ ਸਿੱਖਦੇ ਹਾਂ।

**ਇਸਹਾਕ** - ਅਬਰਾਹਾਮ ਅਤੇ ਸਾਰਾਹ ਦਾ ਪੁੱਤਰ; ਪਰਮੇਸ਼ੁਰ ਦੇ ਨੇਮ ਦੇ ਵਾਅਦਿਆਂ ਦਾ ਵਾਰਸ

**ਇਸਮਾਏਲ**- ਅਬਰਾਹਾਮ ਅਤੇ ਹਾਜਰਾ ਦਾ ਪੁੱਤਰ

**ਯਹੋਯਾਕੀਨ** - (ਯਹੋਯਾਕੀਨ, ਯਕਾਨਯਾਹ, ਕਾਨਯਾਹ ਵੀ) ਯਹੋਯਾਕੀਮ ਦਾ ਪੁੱਤਰ ਅਤੇ ਯਹੂਦਾਹ ਦੇ ਰਾਜੇ ਨੇ ਬਾਬਲ ਨੂੰ ਸਮਰਪਣ ਕਰਨ ਤੋਂ ਤਿੰਨ ਮਹੀਨੇ ਪਹਿਲਾਂ

**ਯਿਫ਼ਤਾਹ** - ਇਸਰਾਏਲ ਵੀਚ ਇਕ ਨਿਆਈਂ ਜਿਸ ਨੇ ਅੰਮੋਨੀਆਂ ਨੂੰ ਹਰਾਇਆ ਅਤੇ ਇਕ ਸਹੁੰ ਖਾਧੀ ਜਿਸ ਕਾਰਨ ਉਹ ਆਪਣੀ ਇਕਲੌਤੀ ਬੇਟੀ, ਇਕ ਧੀ ਨੂੰ ਮਾਰ ਦੇਵੇਗਾ

**ਜੋਸੀਫਸ** - (37 ਸਦੀ- ਸੀ.ਏ. 100) ਪਹਿਲੀ ਸਦੀ ਤੋਂ ਯਹੂਦੀ ਇਤਿਹਾਸਕਾਰ ਜਿਸਨੇ *ਪੁਰਾਤਨਤਾਵਾਂ* ਲਿਖੀਆਂ

**ਰਾਜਾ ਮਨੱਸੇ** - ਯਹੂਦਾਹ ਦਾ ਰਾਜਾ ਜਿਸਨੇ 55 ਸਾਲ ਰਾਜ ਕੀਤਾ; ਉਸਦੇ ਬੁਰੇ ਕੰਮਾਂ ਅਤੇ ਮੂਰਤੀ ਪੂਜਾ ਅਤੇ ਯਹੂਦਾਹ ਨੂੰ ਕੁਰਾਹੈ ਪਾਉਣ ਲਈ ਜਾਣਿਆ ਜਾਂਦਾ ਹੈ; ਬਾਬਲ ਨੂੰ ਗ਼ੁਲਾਮ ਕੀਤਾ ਗਿਆ ਅਤੇ ਬਾਅਦ ਵੀਚ ਤੋਬਾ ਕੀਤੀ

**ਸਾਹਿਤਕ ਵਿਸ਼ਲੇਸ਼ਣ** - ਬਾਈਬਲ ਪ੍ਰਤੀ ਇੱਕ ਵਿਆਖਿਆਤਮਿਕ ਪਹੁੰਚ ਜੋ ਪਵਿੱਤਰ ਸ਼ਾਸਤਰ ਨੂੰ ਇੱਕ ਸਾਹਿਤਕ ਚਿੱਤਰ ਦੇ ਰੂਪ ਵਿੱਚ ਵੇਖਦੀ ਹੈ ਜੋ ਪਾਠਕਾਂ ਨੂੰ ਇੱਕ ਖਾਸ ਤਰੀਕੇ ਨਾਲ ਪ੍ਰਭਾਵੀਤ ਕਰਨ ਲਈ ਤਿਆਰ ਕੀਤੀ ਗਈ ਹੈ

**ਰਾਸ਼ਟਰੀ ਨੇਮ** - ਇਸਰਾਏਲ ਕੌਮ (ਅਬਰਾਹਾਮ, ਮੂਸਾ ਅਤੇ ਦਾਊਦ) ਦੀ ਨੁਮਾਇੰਦਗੀ ਕਰਨ ਵਾਲੇ ਵੀਅਕਤੀ ਨਾਲ ਬੰਨ੍ਹਿਆ ਗਿਆ ਨੇਮ।

**ਨਵਾਂ ਨੇਮ** - ਮਸੀਹ ਵਿੱਚ ਪੂਰਤੀ ਦਾ ਨੇਮ; ਸਭ ਤੋਂ ਪਹਿਲਾਂ ਯਿਰਮਿਯਾਹ 31:31 ਵੀਚ ਜ਼ਿਕਰ ਕੀਤਾ ਗਿਆ ਸੀ ਉਸਨੇ ਅਧਿਕਾਰਤ ਅਤੇ ਅਚਨਚੇਤ ਤੌਰ ਤੇ ਉਹਨਾਂ ਦੀ ਲਿਖਤ ਦਾ ਮਾਰਗਦਰਸ਼ਨ ਕੀਤਾ।

**ਹਵਾਲੇ ਦਾ ਪ੍ਰਮਾਣ** - ਇੱਕ ਸਿਧਾਂਤਕ ਸਥਿਤੀ ਦਾ ਸਮਰਥਨ ਕਰਨ ਲਈ ਵਰਤੇ ਗਏ ਇੱਕ ਖਾਸ ਪਵਿੱਤਰ ਸ਼ਾਸਤਰ ਦੇ ਹਵਾਲੇ ਦਾ ਹਵਾਲਾ

**ਸਮਸੂਨ** - ਇਸਰਾਏਲ ਵਿੱਚ ਇੱਕ ਨਿਆਈ ਜੋ ਆਪਣੀ ਅਲੌਕਿਕ ਤਾਕਤ ਲਈ ਜਾਣਿਆ ਜਾਂਦਾ ਸੀ; ਦਲੀਲਾਹ ਦੁਆਰਾ ਆਪਣੀ ਤਾਕਤ ਦਾ ਰਾਜ਼ ਦੱਸਣ ਲਈ ਧੋਖਾ ਦਿੱਤਾ ਗਿਆ ਅਤੇ ਆਪਣੇ ਅਤੇ 3000 ਫਲਿਸਤੀਆਂ ਦੇ ਸਿਖਰ ਤੇ ਇੱਕ ਮੂਰਤੀਆਂ ਦੀ ਹੈਕਲ ਨੂੰ ਢਾਹ ਕੇ ਮਰ ਗਿਆ

**ਸਾਰਾਹ** - ਅਬਰਾਹਾਮ ਦੀ ਪਤਨੀ, ਜਿਸਨੂੰ ਅਸਲ ਵਿੱਚ ਸਾਰਈ ਆਖਿਆ ਜਾਂਦਾ ਹੈ, ਜਿਸ ਨੇ ਬੁਢਾਪੇ ਵਿੱਚ ਇਸਹਾਕ ਨੂੰ ਜਨਮ ਦਿੱਤਾ ਸੀ

**ਸੈਪਟੁਜਿੰਟ** - ਪੁਰਾਣੇ ਨੇਮ ਦਾ ਯੂਨਾਨੀ ਅਨੁਵਾਦ

**ਇਸਤੀਫ਼ਾਨ** - ਯਰੂਸ਼ਲਮ ਦੀ ਸ਼ੁਰੂਆਤੀ ਕਲੀਸਿਯਾ ਵਿੱਚ ਇੱਕ ਡੀਕਨ ਜੋ ਆਪਣੀ ਨਿਹਚਾ ਅਤੇ ਪਰਮੇਸ਼ੁਰ ਦੇ ਆਤਮਾ ਨਾਲ ਭਰਪੂਰ ਹੋਣ ਲਈ ਜਾਣਿਆ ਜਾਂਦਾ ਸੀ; ਪਹਿਲਾ ਮਸੀਹੀ ਸ਼ਹੀਦ ਮੰਨਿਆ ਗਿਆ (ਵੇਖੋ ਰਸੂਲਾਂ ਦੇ ਕਰਤੱਬ 6-7)

**ਸਮਕਾਲੀ** - ਸਮੇਂ ਦੇ ਉਸੇ ਬਿੰਦੂ ਤੇ ਵਾਪਰਨਾ

**ਸਮਕਾਲੀ ਸਨੈਪਸ਼ਾਟ** - ਉਸ ਸਮੇਂ ਦੌਰਾਨ ਪਰਮੇਸ਼ੁਰ ਦੇ ਕੰਮਾਂ ਅਤੇ ਸ਼ਬਦਾਂ ਦੇ ਗੁੰਝਲਦਾਰ ਸਬੰਧਾਂ ਨੂੰ ਸੰਖੇਪ ਕਰਨ ਲਈ ਸਮੇਂ ਦੀ ਇੱਕ ਨਿਰਧਾਰਤ ਮਿਆਦ ਤੇ ਧਿਆਨ

**ਵੀਵਸਥਿਤ ਵੇਦ ਸ਼ਾਸਤਰ** - ਇੱਕ ਵੇਦ ਸ਼ਾਸਤਰੀ ਅਨੁਸ਼ਾਸਨ ਜੋ ਮਸੀਹੀ ਧਰਮ ਦੀਆਂ ਸਿਧਾਂਤਕ ਸੱਚਿਆਈਆਂ ਦੀ ਤਰਕਸੰਗਤ ਅਤੇ ਵੀਵਸਥਿਤ ਪੇਸ਼ਕਾਰੀ ਦੇਣ ਦੀ ਕੋਸ਼ਿਸ਼ ਕਰਦਾ ਹੈ

**ਤਨਾਖ** - ਇਬਰਾਨੀ ਬਾਈਬਲ ਦਾ ਇੱਕ ਸੰਖੇਪ ਸ਼ਬਦ "ਸ਼ਰਾ" (ਟੀ), "ਨਬੀ" (ਐਨ), ਅਤੇ "ਲਿਖਾਈ" (ਕੇ) ਲਈ ਇਬਰਾਨੀ ਸ਼ਬਦਾਂ ਦੇ ਪਹਿਲੇ ਅੱਖਰਾਂ ਤੋਂ ਲਿਆ ਗਿਆ ਹੈ।

**ਉਦੇਸ਼ਪੂਰਣ ਵਿਸ਼ਲੇਸ਼ਣ** - ਬਾਈਬਲ ਲਈ ਇੱਕ ਵਿਆਖਿਆਤਮਿਕ ਪਹੁੰਚ ਜੋ ਪਵਿੱਤਰ ਸ਼ਾਸਤਰ ਨੂੰ ਇੱਕ ਸ਼ੀਸ਼ੇ ਵਜੋਂ ਵੇਖਦੀ ਹੈ ਜੋ ਪਾਠਕਾਂ ਦੀਆਂ ਰੁਚੀਆਂ ਅਤੇ ਪ੍ਰਸ਼ਨਾਂ ਨੂੰ ਦਰਸਾਉਂਦੀ ਹੈ

**ਤੋਰਾਹ** - ਯਹੂਦੀ ਧਰਮ ਵਿੱਚ, ਪੁਰਾਣੇ ਨੇਮ ਦੀਆਂ ਪਹਿਲੀਆਂ ਪੰਜ ਕਿਤਾਬਾਂ ਵਿੱਚ ਮੂਸਾ ਨੂੰ ਦਿੱਤੀ ਗਈ ਸ਼ਰਾ ਲਈ ਸ਼ਬਦ (ਜਿਸ ਨੂੰ ਪੈਂਟਾਟੁਕ ਵੀ ਆਖਿਆ ਜਾਂਦਾ ਹੈ)

**ਵੀਸ਼ਵਵੀਆਪੀ ਨੇਮ** - ਇੱਕ ਵੀਅਕਤੀ ਨਾਲ ਬਣਾਇਆ ਗਿਆ ਨੇਮ ਜੋ ਸਾਰੀ ਮਨੁੱਖਜਾਤੀ (ਆਦਮ ਅਤੇ ਨੂਹ) ਦੀ ਨੁਮਾਇੰਦਗੀ ਕਰਦਾ ਹੈ

**ਵੋਸ, ਗੀਹਾਰਡਸ** - (1862-1949) 39 ਸਾਲਾਂ ਲਈ ਪ੍ਰਿੰਸਟਨ ਵੀਦਿਆਲੇ ਵੀਖੇ ਵੇਦ ਸ਼ਾਸਤਰਕ ਅਤੇ ਬਾਈਬਲ ਦੇ ਵੇਦ ਸ਼ਾਸਤਰ ਦੀ ਕੁਰਸੀ; ਕਈ ਵਾਰ ਸੁਧਾਰੇ ਹੋਏ ਬਾਈਬਲ ਦੇ ਵੇਦ ਸ਼ਾਸਤਰ ਦਾ ਪਿਤਾ ਆਖਿਆ ਜਾਂਦਾ ਹੈ

**ਵੈਸਟਮਿੰਸਟਰ ਕਨਫੈਸ਼ਨ ਆਫ਼ ਫੇਥ** - ਵੈਸਟਮਿੰਸਟਰ ਅਸੈਂਬਲੀ ਆਫ਼ ਡਿਵਾਈਨਜ਼ ਦੁਆਰਾ ਰਚਿਆ ਗਿਆ ਅਤੇ 1647 ਵਿੱਚ ਪ੍ਰਕਾਸ਼ਿਤ ਇੱਕ ਵੀਸ਼ਵਵੀਆਪੀ ਸਿਧਾਂਤਕ ਸੰਖੇਪ